Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖਬਾਰ
ਖੇਤੀ ਦੁਨੀਆਂ
Rs.10/-
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI 42269/83 (PUNPUN00806) • Issue Dated 11-04-2026 • Vol.44 No.15 • M. 90410-14575 • Page 16 E-mail : khetiduniyan1983@gmail.com

ਮੀਂਹ ਤੇ ਗੜਿਆਂ ਨੇ ਕਈ ਜ਼ਿਲ੍ਹਿਆਂ ਵਿੱਚ ਕਣਕ ਦੀ ਫ਼ਸਲ ਝੰਬੀ

ਪੰਜਾਬ ਵਿੱਚ ਕਣਕ ਦੀ ਫ਼ਸਲ ਪੱਕ ਕੇ ਤਿਆਰ ਹੋ ਚੁੱਕੀ ਹੈ। ਇਸ ਦੇ ਨਾਲ ਹੀ ਅਪ੍ਰੈਲ ਮਹੀਨੇ ਦੇ ਪਹਿਲੇ ਹਫ਼ਤੇ ਕਿਸਾਨਾਂ ਦੀਆਂ ਪੱਕੀਆਂ ਫ਼ਸਲਾਂ 'ਤੇ ਪੈ ਰਿਹਾ ਮੀਂਹ ਤੇ ਗੜ੍ਹੇਮਾਰੀ ਕਿਸਾਨਾਂ ਲਈ ਆਫਤ ਬਣ ਗਿਆ ਹੈ। ਪੰਜਾਬ ਦੇ ਕਈ

ਅਬੋਹਰ ਤੇ ਮੋਗਾ ਵਿੱਚ ਭਾਰੀ ਮੀਂਹ ਦੇ ਨਾਲ ਗੜੇਮਾਰੀ, ਕਿਸਾਨਾਂ ਦੀਆਂ ਮੁਸ਼ਕਿਲਾਂ ਵਧੀਆਂ

ਸ਼ਹਿਰਾਂ ਵਿੱਚ ਤੇਜ਼ ਹਵਾਵਾਂ ਚੱਲਣ ਤੋਂ ਬਾਅਦ ਮੀਂਹ ਤੇ ਗੜੇਮਾਰੀ ਹੋਈ, ਜਿਸ ਨੇ ਫ਼ਸਲ ਝੰਬ ਦਿੱਤੀ ਹੈ। ਇਸ ਤੋਂ ਇਲਾਵਾ ਬਠਿੰਡਾ, ਮੁਕਤਸਰ, ਫਾਜ਼ਿਲਕਾ, ਪਠਾਨਕੋਟ, ਜਲੰਧਰ, ਪਟਿਆਲਾ ਅਤੇ ਹੋਰ ਕਈ ਇਲਾਕਿਆਂ ਵਿੱਚ ਦਰਮਿਆਨਾ ਮੀਂਹ ਪਿਆ। ਮੀਂਹ ਤੇ ਹਨੇਰੀ ਕਾਰਨ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਕਣਕ ਦੀ ਪੱਕੀ ਫ਼ਸਲ ਡਿੱਗਣ ਦੀਆਂ ਰਿਪੋਰਟਾਂ ਹਨ।

ਇਸ ਦੇ ਨਾਲ ਹੀ ਖਰਬੂਜ਼ਾ, ਖੀਰਾ ਅਤੇ ਹੋਰ ਫ਼ਲ ਤੇ ਸਬਜ਼ੀਆਂ ਦੀ ਖੇਤੀ ਕਰਨ ਵਾਲੇ ਕਿਸਾਨਾਂ

ਭਾਰੀ ਬਾਰਿਸ਼ ਦੇ ਕਾਰਨ ਮੰਗਲਵਾਰ ਨੂੰ ਪਟਿਆਲਾ ਜ਼ਿਲ੍ਹੇ ਵਿੱਚ ਨਾਭਾ ਰੋਡ 'ਤੇ ਸਥਿਤ ਇੱਕ ਪਿੰਡ ਵਿੱਚ ਕਣਕ ਦੀ ਵਿਛੀ ਫ਼ਸਲ ਕੋਲ ਬੈਠਾ ਇੱਕ ਮਾਯੂਸ ਕਿਸਾਨ।

ਦੀ ਫ਼ਸਲ ਨੂੰ ਕਰੰਡ ਹੋਣ ਦਾ ਖਦਸ਼ਾ ਹੈ।

ਦੂਜੇ ਪਾਸੇ ਖੇਤੀਬਾੜੀ ਵਿਭਾਗ ਦੇ ਮੁੱਢਲੇ ਅੰਕੜਿਆਂ ਅਨੁਸਾਰ ਪਿਛਲੇ ਹਫਤੇ ਦੌਰਾਨ ਮਾਲਵਾ ਖੇਤਰ ਵਿੱਚ ਪਏ ਮੀਂਹ ਤੇ ਗੜੇਮਾਰੀ ਕਰਕੇ 1.30 ਲੱਖ ਏਕੜ ਤੋਂ ਵੱਧ ਫ਼ਸਲ ਦਾ ਨੁਕਸਾਨ ਹੋ ਗਿਆ, ਜਦੋਂਕਿ ਇਹ ਅੰਕੜਾ ਦੁੱਗਣਾ ਹੋ ਸਕਦਾ ਹੈ।

ਅਧਿਕਾਰੀ ਫ਼ਸਲਾਂ ਦੇ ਨੁਕਸਾਨ ਦਾ ਲੈਣਗੇ ਜਾਇਜ਼ਾ : ਖੁੱਡੀਆਂ

ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਪ੍ਰੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸੂਬੇ ਵਿੱਚ ਖੇਤੀਬਾੜੀ ਵਿਭਾਗ ਦੇ 500 ਤੋਂ ਵੱਧ ਅਧਿਕਾਰੀਆਂ ਨੂੰ ਸੱਤ ਜ਼ਿਲ੍ਹਿਆਂ ਵਿੱਚ ਫ਼ਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਲਗਾਇਆ ਗਿਆ ਹੈ, ਜਿਨ੍ਹਾਂ ਵੱਲੋਂ ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਬਠਿੰਡਾ, ਮਾਨਸਾ, ਫਿਰੋਜ਼ਪੁਰ ਅਤੇ ਮੋਗਾ ਵਿੱਚ ਫ਼ਸਲਾਂ ਦੇ ਖਰਾਬੇ ਦਾ ਜਾਇਜ਼ਾ ਲਿਆ ਜਾਵੇਗਾ। ਮੁੱਢਲੀਆਂ ਰਿਪੋਰਟਾਂ ਅਨੁਸਾਰ ਸੂਬੇ ਵਿੱਚ ਮੀਂਹ ਅਤੇ ਗੜੇਮਾਰੀ ਕਰਕੇ ਸੱਤ ਜ਼ਿਲ੍ਹਿਆਂ ਵਿੱਚ 1.30 ਲੱਖ ਏਕੜ ਤੋਂ ਵੱਧ ਰਕਬੇ ਵਿੱਚ ਕਣਕ ਦੀ ਫ਼ਸਲ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫ਼ਸਲ ਦੇ ਖਰਾਬੇ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ।

ਝੋਨਾ-ਕਣਕ ਪੰਜਾਬ ਦਾ ਮੁੱਖ ਫ਼ਸਲੀ ਚੱਕਰ ਹੈ ਅਤੇ ਇਨ੍ਹਾਂ ਫ਼ਸਲਾਂ ਦੀ ਵਾਢੀ ਤਕਰੀਬਨ ਕੰਬਾਈਨ ਨਾਲ ਕੀਤੀ ਜਾਂਦੀ ਹੈ । ਜਿਸ ਨਾਲ ਝੋਨੇ ਦੀ ਪਰਾਲੀ ਅਤੇ ਕਣਕ ਦਾ ਨਾੜ ਖੇਤ ਵਿੱਚ ਹੀ ਰਹਿ ਜਾਂਦੇ ਹਨ । ਝੋਨੇ ਦੀ ਕੰਬਾਈਨ ਨਾਲ ਕਟਾਈ ਤੋਂ ਬਾਅਦ ਕਣਕ ਦੀ ਬਿਜਾਈ ਲਈ ਖੇਤ ਤਿਆਰ ਕਰਨ ਲਈ ਸਮਾਂ ਥੋੜ੍ਹਾ ਹੋਣ ਕਰਕੇ ਕਈ ਕਿਸਾਨਾਂ ਦੁਆਰਾ ਖੇਤ ਵਿੱਚ ਪਈ ਝੋਨੇ ਦੀ ਪਰਾਲੀ ਨੂੰ ਸਾੜ ਦਿੱਤਾ ਜਾਂਦਾ ਹੈ । ਅੱਗ ਲਾਉਣ ਦਾ ਦੂਜਾ ਵੱਡਾ ਕਾਰਨ ਪਰਾਲੀ ਦੀ ਘੱਟ ਲਾਹੇਵੰਦ ਵਰਤੋਂ ਵੀ ਹੈ ।

ਕਣਕ ਦੇ ਨਾੜ ਨੂੰ ਖੇਤ ਵਿੱਚ ਵਾਹੋ ਮਿੱਟੀ ਦੀ ਸਿਹਤ ਅਤੇ ਪੈਦਾਵਾਰ ਵਧਾਉ

ਜਗਰੂਪ ਕੌਰ ਅਤੇ ਉਪਿੰਦਰ ਸਿੰਘ ਸੰਧੂ,
ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94639-91330)

ਨੁਕਸਾਨ

ਕਣਕ ਦੇ ਨਾੜ ਨੂੰ ਸਾੜਨ ਨਾਲ ਧੂੰਏ ਦਾ ਗੁੰਬਾਰ ਜਿੱਥੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦਾ ਹੈ, ਉੱਥੇ ਮਨੁੱਖੀ ਵਸੋਂ ਤੇ ਪਸ਼ੂਆਂ ਦੀ ਸਿਹਤ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ । ਨਾੜ ਦੇ ਜਲਣ ਨਾਲ ਜੋ ਗਰਮੀ ਪੈਦਾ ਹੁੰਦੀ ਹੈ, ਉਸ ਨਾਲ ਭੂਮੀ ਵਿਚਲੇ ਲਾਭਦਾਇਕ ਸੂਖਮ ਜੀਵ ਖਤਮ ਹੋ ਜਾਂਦੇ ਹਨ ਅਤੇ ਮਿੱਟੀ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ । ਇੱਕ ਅੰਦਾਜ਼ੇ ਮੁਤਾਬਕ ਧਰਤੀ ਵਿੱਚੋਂ ਕਿਸੇ ਵੀ ਫ਼ਸਲ ਦੁਆਰਾ ਲਈ ਗਈ 30-40% ਨਾਈਟ੍ਰੋਜਨ, 25-35% ਫਾਸਫੋਰਸ, 70-85% ਪੋਟਾਸ਼ੀਅਮ ਅਤੇ 34-45% ਸਲਫਰ ਪਤਰਾਲ ਵਿੱਚ ਰਹਿ ਜਾਂਦੀ ਹੈ । ਇੱਕ ਟਨ ਕਣਕ ਦੇ ਨਾੜ ਵਿੱਚ ਲਗਭੱਗ 400 ਕਿਲੋ ਕਾਰਬਨ, 4-5 ਕਿਲੋ ਨਾਈਟ੍ਰੋਜਨ, 0.7-0.9 ਕਿਲੋ ਫਾਸਫੋਰਸ, 9-11 ਕਿਲੋ ਪੋਟਾਸ਼ੀਅਮ, 0.2-1.0 ਕਿਲੋ ਸਲਫਰ ਅਤੇ ਹੋਰ ਛੋਟੇ ਤੱਤ ਹੁੰਦੇ ਹਨ ।

ਲਾਭ

ਜੇਕਰ ਕਣਕ ਦੇ ਨਾੜ ਨੂੰ ਖੇਤ ਵਿੱਚ ਵਾਹਿਆ ਜਾਵੇ ਤਾਂ ਇਸ ਨਾਲ ਮਿੱਟੀ ਦੇ ਭੌਤਿਕ, ਰਸਾਇਣਿਕ ਅਤੇ ਜੈਵਿਕ ਗੁਣਾਂ ਵਿੱਚ ਸੁਧਾਰ ਹੁੰਦਾ ਹੈ । ਇਸਨੂੰ ਖੇਤ ਵਿੱਚ ਵਾਹੁਣ ਨਾਲ ਹੌਲੀ-ਹੌਲੀ ਗਲਣ ਤੋਂ ਬਾਅਦ ਇਸ ਵਿਚਲੇ ਖੁਰਾਕੀ ਤੱਤ ਵਾਪਸ ਮਿੱਟੀ ਵਿੱਚ ਚਲੇ ਜਾਂਦੇ ਹਨ ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ, ਪਾਣੀ ਸਾਂਭਣ ਅਤੇ ਪਾਣੀ ਜੀਰਨ ਦੀ ਸਮਰੱਥਾ ਵਿੱਚ ਸੁਧਾਰ ਹੁੰਦਾ ਹੈ, ਜਿਸਦੇ ਸਿੱਟੇ ਵਜੋਂ ਫ਼ਸਲਾਂ ਦੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ । ਇਸ ਦੇ ਨਾਲ ਹੀ ਸੂਖਮ ਜੀਵਾਂ ਦੀ ਸੰਖਿਆ ਅਤੇ ਕਿਰਿਆਵਾਂ ਵੀ ਵਧਦੀਆਂ ਹਨ ਜੋ ਜ਼ਮੀਨ ਦੀ ਚੰਗੀ ਸਿਹਤ ਲਈ ਬਹੁਤ ਹੀ ਜ਼ਰੂਰੀ ਹਨ । ਖੋਜ ਤਜ਼ਰਬਿਆਂ ਤੋਂ ਇਹ ਸਾਹਮਣੇ ਆਇਆ ਹੈ ਕਿ ਝੋਨੇ ਅਤੇ ਕਣਕ ਦੀ ਰਹਿੰਦ-ਖੂਹੰਦ ਨੂੰ ਖੇਤ ਵਿੱਚ ਲਗਾਤਾਰ ਸਾਂਭਣ ਨਾਲ ਨਾ ਸਿਰਫ਼ ਮਿੱਟੀ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ ਅਤੇ ਝੋਨੇ ਅਤੇ ਕਣਕ ਦਾ ਝਾੜ ਵੱਧਦਾ ਹੈ ਸਗੋਂ ਇਨ੍ਹਾਂ ਖੇਤਾਂ ਵਿੱਚ ਲੰਮੇਂ ਸਮੇਂ ਦੇ ਆਧਾਰ 'ਤੇ ਖਾਦਾਂ ਦੀ ਲੋੜ ਵੀ ਘੱਟ ਜਾਂਦੀ ਹੈ ।

ਵਿਕਲਪ

ਕੰਬਾਈਨ ਕਟਾਈ ਤੋਂ ਬਾਅਦ ਜੇਕਰ ਕਣਕ ਦਾ ਨਾੜ ਖੇਤ ਵਿੱਚ ਹੋਵੇ ਤਾਂ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਪੀ ਏ ਯੂ ਹੈਪੀ ਸੀਡਰ ਨਾਲ ਕਰਨੀ ਬਹੁਤ ਲਾਹੇਵੰਦ ਹੋਵੇਗੀ । ਘੱਟ ਵੱਤਰ ਵਾਲੀਆਂ ਹਾਲਤਾਂ ਵਿੱਚ, ਕਣਕ ਦੇ ਨਾੜ ਵਾਲੇ ਖੇਤ ਵਿੱਚ ਗਰਮ ਰੁੱਤ ਦੀ ਮੂੰਗੀ ਨੂੰ ਹੈਪੀ ਸੀਡਰ ਜਾਂ ਸਮਾਰਟ ਸੀਡਰ ਨਾਲ ਬੀਜਣ ਉਪਰੰਤ ਪਾਣੀ ਲਾ ਕੇ ਸਫ਼ਲਤਾਪੂਰਵਕ ਸਮੇਂ ਸਿਰ ਉਗਾਇਆ ਜਾ ਸਕਦਾ ਹੈ ਅਤੇ ਵਧੀਆ ਝਾੜ ਲਿਆ ਜਾ ਸਕਦਾ ਹੈ । ਚੰਗੇ ਵੱਤਰ ਵਾਲੇ ਖੇਤ ਵਿੱਚ ਜੇਕਰ ਕਣਕ ਦਾ ਨਾੜ ਹੋਵੇ ਤਾਂ ਗਰਮ ਰੁੱਤ ਦੀ ਮੂੰਗੀ ਨੂੰ ਸਮਾਰਟ ਸੀਡਰ ਜਾਂ ਸੁਪਰ ਸੀਡਰ ਨਾਲ ਵੀ ਬੀਜਿਆ ਜਾ ਸਕਦਾ ਹੈ । ਕਣਕ ਦੀ ਕਟਾਈ ਤੋਂ ਬਾਅਦ ਅਤੇ ਝੋਨੇ ਦੀ ਲੁਆਈ ਤੋਂ ਪਹਿਲਾਂ ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਕਰਕੇ ਕਿਸਾਨ ਜਿੱਥੇ ਵਧੇਰੇ ਆਮਦਨ ਲੈ ਸਕਦੇ ਹਨ, ਉੱਥੇ ਜ਼ਮੀਨ ਦੀ ਸਿਹਤ ਵੀ ਸੁਧਾਰੀ ਜਾ ਸਕਦੀ ਹੈ ਅਤੇ ਵਿਹਲੀ ਪਈ ਜ਼ਮੀਨ ਨੂੰ ਆਮਦਨ ਵਧਾਉਣ ਲਈ ਵਰਤਿਆ ਜਾ ਸਕਦਾ ਹੈ । ਗਰਮ ਰੁੱਤ ਦੀ ਮੂੰਗੀ ਦੀਆਂ ਫਲੀਆਂ ਤੋੜਨ ਉਪਰੰਤ ਮੂੰਗੀ ਦਾ ਹਰਾ ਟਾਂਗਰ ਝੋਨਾ ਲਾਉਣ ਤੋਂ ਇੱਕ ਜਾਂ ਦੋ ਦਿਨ ਪਹਿਲਾਂ ਦਬਾਉਣ ਨਾਲ ਝੋਨੇ ਦਾ ਝਾੜ ਵੱਧਦਾ ਹੈ ਅਤੇ ਝੋਨੇ ਨੂੰ ਨਾਈਟ੍ਰੋਜਨ ਦਾ ਤੀਜਾ ਹਿੱਸਾ ਘੱਟ ਕਰ ਸਕਦੇ ਹਾਂ । ਇਸਦੇ ਨਾਲ ਹੀ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਮਈ-ਜੂਨ ਦੇ ਮਹੀਨੇ ਵਿੱਚ ਵੱਧ ਤਾਪਮਾਨ ਨਾਲ ਮਿੱਟੀ ਦੇ ਜੈਵਿਕ ਕਾਰਬਨ ਨੂੰ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਵਿੱਚ ਸਹਾਈ ਹੁੰਦੀ ਹੈ ।

ਸੋ ਕਿਸਾਨ ਵੀਰ, ਫ਼ਸਲਾਂ ਦੀ ਰਹਿੰਦ-ਖੂਹੰਦ ਨੂੰ ਮਿੱਟੀ ਵਿੱਚ ਮਿਲਾਉਣ ਨਾਲ ਜ਼ਮੀਨ ਦੀ ਸਿਹਤ 'ਤੇ ਅਸਰ 3-4 ਸਾਲਾਂ ਤੋਂ ਬਾਅਦ ਆਉਣਾ ਸ਼ੁਰੂ ਹੋ ਜਾਂਦਾ ਹੈ । ਆਸੀਂ ਜੇਕਰ ਇਸ ਨੂੰ ਅੱਜ ਖੇਤ ਵਿੱਚ ਸਾਂਭਾਂਗੇ ਤਾਂ ਇਸਦਾ ਫਾਇਦਾ ਸਾਡੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੋਵੇਗਾ । ਇਹ ਅੱਜ ਦੇ ਸਮੇਂ ਦੀ ਮੰਗ ਹੈ ਕਿ ਅਸੀਂ ਫ਼ਸਲਾਂ ਦੀ ਰਹਿੰਦ-ਖੂਹੰਦ ਨੂੰ ਅੱਗ ਲਗਾਉਣ ਦੀ ਥਾਂ ਇਸ ਦੇ ਸਹੀ ਪ੍ਰਬੰਧਨ ਬਾਰੇ ਸੋਚੀਏ ਤੇ ਅਮਲ ਕਰੀਏ । ਬਹੁਤ ਸਾਰੇ ਕਿਸਾਨ ਵੀਰ ਫ਼ਸਲਾਂ ਦੀ ਰਹਿੰਦ-ਖੂਹੰਦ ਨੂੰ ਸੁਚੱਜੇ ਢੰਗ ਨਾਲ ਵਰਤਣ ਲਈ ਉਦਾਹਰਨਾਂ ਪੇਸ਼ ਕਰ ਚੁੱਕੇ ਹਨ ਅਤੇ ਉੱਪਰ ਦੱਸੇ ਨੁਕਤਿਆਂ ਦਾ ਲਾਭ ਲੈ ਰਹੇ ਹਨ । ਬਾਕੀ ਕਿਸਾਨ ਵੀਰਾਂ ਨੂੰ ਵੀ ਬੇਨਤੀ ਹੈ ਕਿ ਉਹ ਵੀ ਫ਼ਸਲਾਂ ਦੀ ਰਹਿੰਦ-ਖੂਹੰਦ ਸੰਭਾਲ ਦੀਆਂ ਅਲੱਗ-ਅਲੱਗ ਤਕਨੀਕਾਂ ਨੂੰ ਅਪਣਾ ਕੇ ਆਪਣੀ ਆਮਦਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਵਾਤਾਵਰਨ ਦੀ ਸੰਭਾਲ ਵਿੱਚ ਯੋਗਦਾਨ ਪਾਉਣ ।

ਕਿਸਾਨਾਂ ਦੇ ਖੰਡ ਮਿੱਲਾਂ ਵੱਲ 16 ਹਜ਼ਾਰ ਕਰੋੜ ਰੁਪਏ ਬਕਾਏ ਦਾ ਜ਼ਿੰਮੇਵਾਰ ਕੌਣ?

ਜੇਕਰ ਖੰਡ ਮਿੱਲਾਂ ਲਗਾਤਾਰ ਆਪਣਾ ਕੰਮ ਜਾਰੀ ਰੱਖਦੀਆਂ ਤਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲਣ ਦੇ ਨਾਲ-ਨਾਲ ਕਿਸਾਨਾਂ ਨੂੰ ਵੀ ਕਮਾਦ ਦੀ ਫ਼ਸਲ ਬੀਜ ਕੇ ਵਧੀਆ ਆਮਦਨ ਹੋਣੀ ਸੀ । ਸਹਿਕਾਰੀ ਖੰਡ ਮਿੱਲਾਂ ਬੰਦ ਹੋਣ ਨਾਲ ਹਜ਼ਾਰਾਂ ਨੌਜਵਾਨ ਬੇਰੁਜ਼ਗਾਰ ਹੋ ਗਏ ਹਨ, ਪਰ ਸਰਕਾਰਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ ਜਾਪਦਾ ।

ਦੇਸ਼ ਅੰਦਰ ਮਿੱਠਾ ਇਨਕਲਾਬ ਲਿਆਉਣ ਵਾਲੇ ਕਿਸਾਨ ਕਮਾਦ ਬੀਜਣ ਤੋਂ ਮੁੱਖ ਮੋੜ ਕੇ ਦੁਬਾਰਾ ਫਿਰ ਕਣਕ/ਝੋਨੇ ਦੇ ਚੱਕਰ ਵਿੱਚ ਹੀ ਉਲਝ ਗਏ ਹਨ, ਜਿਸ ਕਰਕੇ ਦੇਸ਼ ਅੰਦਰ ਖੰਡ ਦੀ ਪੈਦਾਵਾਰ ਹਰ ਸਾਲ ਘਟਦੀ ਜਾ ਰਹੀ ਹੈ । ਪੰਜਾਬ ਅਤੇ ਹਰਿਆਣੇ ਤੋਂ ਬਾਅਦ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਰਗੇ ਸੂਬੇ ਵੀ ਖੰਡ ਦੀ ਪੈਦਾਵਾਰ ਤੋਂ ਪ੍ਰਭਾਵਿਤ ਹੋ ਰਹੇ ਹਨ । ਇਸ ਦਾ ਸਭ ਤੋਂ ਵੱਡਾ ਕਾਰਨ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਇਸ ਫ਼ਸਲ ਦੀ ਖ਼ਰੀਦ ਦੇ ਯੋਗ ਪ੍ਰਬੰਧ ਨਾ ਕਰਨਾ ਅਤੇ ਖੰਡ ਮਿੱਲ ਮਾਲਕਾਂ ਵੱਲੋਂ ਸਮੇਂ ਸਿਰ ਫ਼ਸਲਾਂ ਦੀ ਅਦਾਇਗੀ ਨਾ ਕਰਨਾ ਆਦਿ ਹਨ । ਦੇਸ਼ ਅੰਦਰ ਗੰਨਾ ਬੀਜਣ ਵਾਲੇ ਕਿਸਾਨਾਂ ਦਾ ਖੰਡ ਮਿੱਲ ਮਾਲਕਾਂ ਵੱਲ 16 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਹੈ । ਇਹ 16 ਹਜ਼ਾਰ ਕਰੋੜ ਰੁਪਏ ਦੇਸ਼ ਦੇ ਅੰਨਦਾਤੇ ਲਈ ਛੋਟੀ ਰਕਮ ਨਹੀਂ ਹੈ ਅਤੇ ਇਹ ਘੱਟ ਹੋਣ ਦੀ ਬਜਾਏ ਹਰ ਸਾਲ ਵਧਦੀ ਹੀ ਜਾ ਰਹੀ ਹੈ ।

ਸਾਲ 2026 ਵਿੱਚ ਪਿਛਲੇ ਵਿੱਤੀ ਸਾਲਾਂ ਦੇ ਮੁਕਾਬਲੇ ਇਸ ਬਕਾਏ ਵਿੱਚ 32 ਗੁਣਾ ਵਾਧਾ ਹੋਇਆ ਹੈ । ਖੰਡ ਮਿੱਲਾਂ ਹੀ ਇੱਕੋ-ਇੱਕ ਅਜਿਹਾ ਉਦਯੋਗ ਹਨ, ਜਿਨ੍ਹਾਂ ਦੇ ਮਾਲਕ ਮਨਮਰਜ਼ੀਆਂ ਕਰਕੇ ਅਰਬਾਂਪਤੀ ਬਣਨਾ ਚਾਹੁੰਦੇ ਹਨ । ਖੰਡ ਮਿੱਲਾਂ ਦੇ ਮਾਲਕ ਹੀ ਗੰਨੇ ਦੀ ਖਰੀਦ ਅਤੇ ਖੰਡ ਦਾ ਵੇਚ ਮੁੱਲ ਨਿਰਧਾਰਤ ਕਰਨਾ ਚਾਹੁੰਦੇ ਹਨ ਤਾਂ ਕਿ ਕਿਸਾਨਾਂ ਕੋਲੋਂ ਮਨਮਰਜ਼ੀ ਮੁਤਾਬਿਕ ਗੰਨਾ ਖਰੀਦ ਕੇ ਖੰਡ ਵੀ ਆਪਣੀਆਂ ਹੀ ਕੀਮਤਾਂ ਨਿਰਧਾਰਤ ਕਰਕੇ ਬਾਜ਼ਾਰ ਵਿੱਚ ਵੇਚੀ ਜਾ ਸਕੇ । ਉਹ ਸਖ਼ਤ ਮਿਹਨਤ ਕਰਨ ਵਾਲੇ ਕਿਸਾਨਾਂ ਨੂੰ ਉਨ੍ਹਾਂ ਦੀ ਲਾਗਤ ਅਤੇ ਕਮਾਈ ਵੀ ਦੇਣ ਲਈ ਤਿਆਰ ਨਹੀਂ । ਦੇਸ਼ ਦੇ ਕਿਸਾਨਾਂ ਦਾ ਸਾਲ 2018-19 ਤੱਕ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਖੰਡ ਸਨਅਤ ਵੱਲ ਖੜ੍ਹਾ ਸੀ, ਜਿਹੜਾ ਹਰ ਸਾਲ ਵਧਦਾ ਗਿਆ ਹੈ । ਸਰਕਾਰੀ ਤੌਰ 'ਤੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 16 ਫਰਵਰੀ 2026 ਤੱਕ ਗੰਨੇ ਦਾ ਬਕਾਇਆ 16,087 ਕਰੋੜ ਰੁਪਏ ਦਰਜ ਕੀਤਾ ਗਿਆ ਹੈ, ਜਦੋਂਕਿ 2024-25 ਵਿੱਚ ਇਹ ਰਕਮ 497 ਕਰੋੜ ਰੁਪਏ ਤੇ 2023-24 ਵਿੱਚ ਸਿਰਫ਼ 34 ਕਰੋੜ ਰੁਪਏ ਸੀ । ਇਸ ਹਿਸਾਬ ਨਾਲ ਇਸ ਬਕਾਇਆ ਰਕਮ ਵਿੱਚ ਪਿਛਲੇ ਸਾਲ ਨਾਲੋਂ 32 ਗੁਣਾ ਵਾਧਾ ਦਰਜ ਕੀਤਾ ਗਿਆ ਹੈ । ਸਾਲ 2025-26 ਵਿੱਚ ਦੇਸ਼ ਦੇ ਕਿਸਾਨਾਂ ਨੂੰ ਕੁੱਲ 79,818 ਕਰੋੜ ਰੁਪਏ ਦਾ ਭੁਗਤਾਨ ਹੋਣਾ ਸੀ, ਜਿਸ ਵਿੱਚੋਂ 63,731 ਕਰੋੜ ਰੁਪਏ ਦਾ ਭੁਗਤਾਨ ਹੋਇਆ ਹੈ । ਸਭ ਤੋਂ ਵੱਧ ਬਕਾਇਆ ਕਰਨਾਟਕ ਦੇ ਕਿਸਾਨਾਂ ਦਾ 4,956 ਕਰੋੜ ਰੁਪਏ ਹੈ ।

ਪੰਜਾਬ ਦੇ ਕਿਸਾਨਾਂ ਦਾ 535 ਕਰੋੜ ਰੁਪਏ, ਹਰਿਆਣੇ ਦਾ 373 ਕਰੋੜ ਰੁਪਏ ਅਤੇ ਇਸੇ ਤਰ੍ਹਾਂ ਉੱਤਰ ਪ੍ਰਦੇਸ਼, ਗੁਜਰਾਤ, ਬਿਹਾਰ, ਮੱਧ ਪ੍ਰਦੇਸ਼, ਤਾਮਿਲਨਾਡੂ, ਉੱਤਰਾਖੰਡ, ਤੇਲੰਗਨਾ ਦੇ ਕਿਸਾਨਾਂ ਦਾ ਬਕਾਇਆ ਖੜ੍ਹਾ ਹੈ । ਸਮੇਂ ਸਿਰ ਅਦਾਇਗੀ ਨਾ ਹੋਣ ਕਰਕੇ ਪੰਜਾਬ/ਹਰਿਆਣੇ ਦੇ ਕਿਸਾਨ ਤਾਂ ਤਕਰੀਬਨ ਗੰਨੇ ਦੀ ਫ਼ਸਲ ਨੂੰ ਅਲਵਿਦਾ ਹੀ ਆਖ ਚੁੱਕੇ ਹਨ । ਗੰਨੇ ਦੀ ਕਾਸ਼ਤ ਹੋਣ ਨਾਲ ਜਿੱਥੇ ਫ਼ਸਲੀ ਵਿਭਿੰਨਤਾ ਚੱਲ ਰਹੀ ਸੀ, ਉੱਥੇ ਹੀ ਘੱਟ ਪਾਣੀ ਦੀ ਵਰਤੋਂ ਹੋਣ ਨਾਲ ਕੁਦਰਤੀ ਸਰੋਤ ਪਾਣੀ ਦੀ ਵੀ ਬੱਚਤ ਹੋ ਰਹੀ ਸੀ । ਪੰਜਾਬ ਵਿੱਚ ਕੰਮ ਕਰ ਰਹੀਆਂ ਨਿੱਜੀ ਖੰਡ ਮਿੱਲਾਂ ਵੀ ਬਹੁਤੀ ਵਧੀਆ ਕਾਰਗੁਜ਼ਾਰੀ ਨਹੀਂ ਵਿਖਾ ਸਕੀਆਂ । ਘੱਗਰ ਦਰਿਆ ਨੇੜੇ ਪੈਂਦੀਆਂ ਜ਼ਮੀਨਾਂ ਲਈ ਸਹਾਈ ਹੋਣ ਵਾਲੀ ਪੰਜਾਬ ਦੀ ਨਿੱਜੀ ਪਿਕਾਡਲੀ ਖੰਡ ਮਿੱਲ ਕਈ ਸਾਲਾਂ ਤੋਂ ਬੰਦ ਪਈ ਹੈ । ਜੇਕਰ ਖੰਡ ਮਿੱਲਾਂ ਲਗਾਤਾਰ ਆਪਣਾ ਕੰਮ ਜਾਰੀ ਰੱਖਦੀਆਂ ਤਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲਣ ਦੇ ਨਾਲ-ਨਾਲ ਕਿਸਾਨਾਂ ਨੂੰ ਵੀ ਕਮਾਦ ਦੀ ਫ਼ਸਲ ਬੀਜ ਕੇ ਵਧੀਆ ਆਮਦਨ ਹੋਣੀ ਸੀ । ਸਹਿਕਾਰੀ ਖੰਡ ਮਿਲਾਂ ਬੰਦ ਹੋਣ ਨਾਲ ਹਜ਼ਾਰਾਂ ਨੌਜਵਾਨ ਬੇਰੁਜ਼ਗਾਰ ਹੋ ਗਏ ਹਨ, ਪਰ ਸਰਕਾਰਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ ਜਾਪਦਾ । ਇਸ ਤਰ੍ਹਾਂ ਕਮਾਦ ਦੀ ਪੈਦਾਵਾਰ ਲਗਪਗ ਖ਼ਤਮ ਹੋਣ ਨਾਲ ਖੰਡ ਸੰਕਟ ਖੜ੍ਹਾ ਹੋ ਰਿਹਾ ਹੈ । ਭਾਰਤ ਵਿੱਚ ਮਹਾਰਾਸ਼ਟਰ ਨੂੰ ਖੰਡ ਦਾ ਕਟੋਰਾ ਮੰਨਿਆ ਜਾਂਦਾ ਹੈ, ਪਰ ਸਰਕਾਰ ਦੀਆਂ ਮਾਰੂ ਨੀਤੀਆਂ ਕਾਰਨ ਇਹ ਖੰਡ ਦਾ ਕਟੋਰਾ ਵੀ ਖਾਲੀ ਹੁੰਦਾ ਜਾ ਰਿਹਾ ਹੈ । ਉੱਤਰ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਆਦਿ ਸਮੇਤ ਸਮੁੱਚੇ ਦੇਸ਼ ਅੰਦਰ ਹੀ ਗੰਨੇ ਦੀ ਖੇਤੀ ਨਾ ਹੋਣ ਕਰਕੇ ਖੰਡ ਦੇ ਉਤਪਾਦਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ । ਪੰਜਾਬ ਵਿੱਚ ਖੰਡ ਮਿੱਲਾਂ ਦੇ ਤਕਰੀਬਨ ਸਾਰੇ ਹੀ ਮਾਲਕਾਂ ਨੇ ਸ਼ਰਾਬ ਦੀਆਂ ਫੈਕਟਰੀਆਂ ਚਲਾ ਲਈਆਂ ਹਨ, ਜਿਸ ਕਰਕੇ ਹੁਣ ਇੱਥੇ ਖੰਡ ਉਤਪਾਦਨ ਦੀ ਬਜਾਏ ਸ਼ਰਾਬ ਦਾ ਉਤਪਾਦਨ ਵਾਧੂ ਹੋ ਰਿਹਾ ਹੈ ।

ਸ਼ਰਾਬ ਸਨਅਤ ਨੂੰ ਚਲਾਉਣ ਲਈ ਬਾਹਰੋਂ ਕੱਚਾ ਮਾਲ ਲੈਣ ਦੀ ਬਜਾਏ ਕੈਮੀਕਲ ਹੀ ਵਰਤੇ ਜਾਂਦੇ ਹਨ ਅਤੇ ਥੋੜ੍ਹਾ ਬਹੁਤ ਸੀਰਾ ਜਾਂ ਅਨਾਜ ਤੋਂ ਵੀ ਸ਼ਰਾਬ ਤਿਆਰ ਕੀਤੀ ਜਾਂਦੀ ਹੈ । ਸਰਕਾਰੀ ਅਤੇ ਗੈਰ ਸਰਕਾਰੀ ਤੌਰ 'ਤੇ ਸੀਰੇ ਦੀ ਬਹੁਤ ਹੀ ਘੱਟ ਖਰੀਦ ਕੀਤੀ ਗਈ ਹੈ । ਜੇਕਰ ਦੇਸ਼ ਦੇ ਗੰਨਾ ਕਾਸ਼ਤਕਾਰ ਕਿਸਾਨਾਂ ਨੂੰ ਸਮੇਂ ਸਿਰ ਰਕਮ ਦੀ ਅਦਾਇਗੀ ਕੀਤੀ ਜਾਵੇ ਤਾਂ ਕਿਸਾਨ ਦੀ ਆਰਥਿਕ ਹਾਲਤ ਮਜ਼ਬੂਤ ਹੋ ਸਕਦੀ ਹੈ । ਗੰਨੇ ਦੀ ਫ਼ਸਲ ਦਾ ਮੁੱਲ ਇੱਕ ਸਾਲ ਬਾਅਦ ਮਿਲਦਾ ਹੈ । ਜੇਕਰ ਇਹੋ ਰਕਮ ਇੱਕ ਸਾਲ ਬਾਅਦ ਕਿਸਾਨ ਨੂੰ ਨਹੀਂ ਮਿਲਦੀ ਤਾਂ ਕਈ ਵਾਰ ਉਹ ਖ਼ੁਦਕੁਸ਼ੀ ਜਿਹੇ ਰਾਹ ਜਾਣ ਲਈ ਮਜ਼ਬੂਰ ਹੋ ਜਾਂਦੇ ਹਨ । ਇਸ ਕਰਕੇ ਕੇਂਦਰ ਸਰਕਾਰ ਨੂੰ ਗੰਨਾ ਕਾਸ਼ਤਕਾਰਾਂ ਦੀ ਬਕਾਏ ਦੀ ਇਸ ਸਮੱਸਿਆ ਨੂੰ ਪੱਕੇ ਤੌਰ 'ਤੇ ਹੱਲ ਕਰਨਾ ਚਾਹੀਦਾ ਹੈ ।

ਬ੍ਰਿਸ਼ ਭਾਨ ਬੁਜਰਕ (ਮੋ. 98761-01698)

ਪੱਕੀ ਕਣਕ ਦੇ ਖੇਤਾਂ ਵਿੱਚ ਅੱਗ ਦੀਆਂ ਘਟਨਾਵਾਂ ਤੋਂ ਬਚੋ

ਅਪ੍ਰੈਲ ਦੇ ਮਹੀਨੇ ਕਣਕ ਪੱਕ ਜਾਂਦੀ ਹੈ ਪਰ ਪੰਜਾਬ ਵਿੱਚ ਹਰ ਸਾਲ ਕਣਕ ਦੀ ਵਾਢੀ ਦੀ ਰੁੱਤ ਵਿੱਚ ਅੱਗ ਲੱਗਣ ਕਾਰਨ ਫ਼ਸਲ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ । ਜ਼ਿਆਦਾਤਰ ਅਜਿਹੇ ਹਾਦਸੇ ਮਨੁੱਖੀ ਅਣਗਹਿਲੀ ਕਾਰਨ ਹੁੰਦੇ ਹਨ ਅਤੇ ਇਹਨਾਂ ਤੋਂ ਅਸਾਨੀ ਨਾਲ ਬਚਿਆ ਜਾ ਸਕਦਾ ਹੈ ।

ਨਰੇਸ਼ ਕੁਮਾਰ ਛੁਨੇਜਾ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 99880-00541)

ਕਣਕ ਦੀ ਫ਼ਸਲ ਨੂੰ ਅੱਗ ਲੱਗਣ ਦੇ ਮੁੱਖ ਕਾਰਨ ਅਤੇ ਉਪਰਾਲੇ

ਬਿਜਲੀ ਦੀਆਂ ਤਾਰਾਂ ਅਤੇ ਟ੍ਰਾਂਸਫਾਰਮਰਾਂ ਤੋਂ ਡਿੱਗੀ ਚਿੰਗਾਰੀ

ਕਾਰਨ : ਆਮ ਤੌਰ ਤੇ ਜਦ ਟ੍ਰਾਂਸਫਾਰਮਰਾਂ ਉੱਤੇ ਲੋਡ ਵੱਧ ਜਾਂਦਾ ਹੈ ਜਾਂ ਬਿਜਲੀ ਦੀਆਂ ਤਾਰਾਂ ਦੇ ਜੋੜ ਕੱਚੇ ਹੁੰਦੇ ਹਨ ਤਾਂ ਕਰੰਟ ਚਿੰਗਆਰੀ ਬਣ ਜਾਂਦਾ ਹੈ । ਹੇਠਾਂ ਖੇਤ ਵਿੱਚ ਪੱਕੀ ਅਤੇ ਸੁੱਕੀ ਫ਼ਸਲ ਇਸ ਚਿੰਗਆਰੀ ਨਾਲ ਅੱਗ ਫੜ ਲੈਂਦੀ ਹੈ । ਕਈ ਵਾਰ ਢਿੱਲੀਆਂ ਤਾਰਾਂ ਤੇਜ਼ ਹਵਾ ਜਾਂ ਮੀਂਹ ਜਾਂ ਪੰਛੀਆਂ ਕਾਰਨ ਸ਼ਾਰਟ ਹੋ ਜਾਂਦੀਆਂ ਹਨ । ਕਈ ਵਾਰ ਖੇਤਾਂ ਵਿੱਚ ਚੱਲ ਰਹੀ ਵਾਢੀ ਵਾਲੀ ਕੰਬਾਈਨ ਜਾਂ ਤੂੜੀ ਵਾਲੀ ਕੰਬਾਈਨ ਨੀਵੀਆਂ ਲਟਕ ਰਹੀਆਂ ਬਿਜਲੀ ਦੀਆਂ ਤਾਰਾਂ ਨੂੰ ਛੂਹ ਲੈਂਦੀਆਂ ਹਨ ਅਤੇ ਸਿੱਟੇ ਵਜੋਂ ਬਿਜਲੀ ਦੀ ਚਿੰਗਆਰੀ ਅਤੇ ਕਰੰਟ ਨਾਲ ਕਾਮਿਆਂ ਅਤੇ ਮਸ਼ੀਨ ਦਾ ਨੁਕਸਾਨ ਹੋ ਜਾਂਦਾ ਹੈ ।

ਉਪਰਾਲੇ : ਬਿਜਲੀ ਦੇ ਟ੍ਰਾਂਸਫਾਰਮਰਾਂ ਅਤੇ ਖੰਬਿਆਂ ਦੇ ਨੇੜੇ ਕਣਕ ਦੀ ਵਾਢੀ ਹੱਥ ਨਾਲ ਕਰਨੀ ਚਾਹੀਦੀ ਹੈ ਅਤੇ ਭਰੀਆਂ ਬੰਨ ਕੇ ਜੱਲਦੀ ਹੀ ਥਾਂ ਵੇਹਲੀ ਕਰ ਦੇਣੀ ਚਾਹੀਦੀ ਹੈ । ਹੋ ਸਕੇ ਤਾਂ ਟ੍ਰਾਂਸਫਾਰਮਰਾਂ ਅਤੇ ਬਿਜਲੀ ਦੇ ਖੰਬਿਆਂ ਥੱਲੇ ਜ਼ਮੀਨ ਖਾਲੀ ਅਤੇ ਸਾਫ ਰੱਖਣੀ ਚਾਹੀਦੀ ਹੈ । ਬਿਜਲੀ ਦੀਆਂ ਤਾਰਾਂ ਵਿੱਚ ਲੋੜੀਂਦੀ ਦੂਰੀ ਹੋਣੀ ਚਾਹੀਦੀ ਹੈ । ਲੋੜ ਪੈਣ ਤੇ ਬਿਜਲੀ ਮਹਿਕਮੇ ਦੀ ਮਦਦ ਨਾਲ ਤਾਰਾਂ ਨੂੰ ਲੱਕੜ ਦੀ ਸੋਟੀ ਨਾਲ ਦੂਰ-ਦੂਰ ਬੰਨ ਦੇਣਾ ਚਾਹੀਦਾ ਹੈ ਤਾਂ ਜੋ ਤਾਰਾਂ ਜੁੜ ਕੇ ਚਿੰਗਾਰੀ ਨਾ ਛੱਡਣ ।

ਜ਼ਿਆਦਾ ਨਮੀਂ ਵਾਲੀ ਫ਼ਸਲ ਦੀ ਕਟਾਈ ਅਤੇ ਗਹਾਈ

ਕਾਰਨ : ਜੇਕਰ ਅੱਧ ਸੁੱਕੀ ਜਾਂ ਮੀਂਹ ਨਾਲ ਗਿੱਲੀ ਫ਼ਸਲ ਦੀ ਮਸ਼ੀਨਾਂ ਨਾਲ ਕਟਾਈ ਜਾਂ ਗਹਾਈ ਕੀਤੀ ਜਾਵੇ ਤਾਂ ਅੱਗ ਲੱਗਣ ਦੀ ਸੰਭਾਵਨਾ ਕਾਫੀ ਵੱਧ ਜਾਂਦੀ ਹੈ । ਗਿੱਲੀ ਫ਼ਸਲ ਦਾ ਨਾੜ ਨਰਮ ਹੁੰਦਾ ਹੈ ਅਤੇ ਥਰੈਸ਼ਰ ਦੀ ਸ਼ਾਫਟ ਨਾਲ ਲਿਪਟ ਜਾਂਦਾ ਹੈ । ਇਸ ਕਰਕੇ ਥਰੈਸ਼ਰ ਦੇ ਡਰੱਮ ਅੰਦਰ ਰਗੜ ਨਾਲ ਚਿੰਗਆੜੀ ਬਣ ਜਾਂਦੀ ਹੈ । ਇਸ ਤਰ੍ਹਾਂ ਦੇ ਹਾਦਸੇ ਵਾਢੀ ਵਾਲੀ ਕੰਬਾਇਨ, ਤੂੜੀ ਵਾਲੀ ਕੰਬਾਇਨ ਅਤੇ ਥਰੈਸਰਾਂ ਦੀ ਵਰਤੋਂ ਵੇਲੇ ਵੇਖੇ ਜਾ ਸਕਦੇ ਹਨ ।

ਉਪਰਾਲੇ : ਪੂਰੀ ਤਰ੍ਹਾਂ ਪੱਕੀ ਅਤੇ ਤਿਆਰ ਫ਼ਸਲ ਹੀ ਕੰਬਾਈਨਾਂ ਨਾਲ ਕੱਟੀ ਜਾਣੀ ਚਾਹੀਦੀ ਹੈ । ਮੀਂਹ ਪੈਣ ਦੀ ਸੂਰਤ ਵਿੱਚ ਕਟਾਈ ਅਤੇ ਗਹਾਈ ਨੂੰ ਫ਼ਸਲ ਸੁੱਕਣ ਤੱਕ ਟਾਲ ਦੇਣਾ ਚਾਹੀਦਾ ਹੈ । ਪੂਰੀ ਤਰ੍ਹਾਂ ਪੱਕੀ ਅਤੇ ਤਿਆਰ ਕਣਕ ਦੀ ਗਹਾਈ ਵੇਲੇ ਇੰਜਨ ਦਾ ਜੋਰ ਵੀ ਘੱਟ ਲੱਗਦਾ ਹੈ ।

ਟਰੈਕਟਰ ਅਤੇ ਡੀਜ਼ਲ ਇੰਜਨ ਦੀ ਗਰਮੀ

ਕਾਰਨ : ਟਰੈਕਟਰ ਅਤੇ ਡੀਜ਼ਲ ਦਾ ਇੰਜਨ ਚੱਲ ਕੇ ਬਹੁਤ ਗਰਮ ਹੋ ਜਾਂਦਾ ਹੈ ਅਤੇ ਇਸ ਨਾਲ ਲੱਗ ਕੇ ਫ਼ਸਲ ਅੱਗ ਫੜ ਸਕਦੀ ਹੈ । ਇੰਜਨ ਦੇ ਸਾਈਲੈਂਸਰ ਤੋਂ ਨਿਕਲੀ ਗਰਮੀ ਅਤੇ ਚਿੰਗਾਰੀ ਵੀ ਅੱਗ ਦਾ ਕਾਰਨ ਬਣ ਸਕਦੀ ਹੈ ।

ਉਪਰਾਲੇ : ਇੰਜਨ ਦੇ ਸਾਈਲੈਂਸਰ ਦਾ ਮੂੰਹ ਫ਼ਸਲ ਤੋਂ ਉਲਟੀ ਦਿਸ਼ਾ ਵੱਲ ਚਾਹੀਦਾ ਹੈ । ਜੇਕਰ ਸਾਈਲੈਂਸਰ ਦਾ ਮੂੰਹ ਉੱਪਰ ਵੱਲ ਨੂੰ ਹੈ ਅਤੇ ਉਸ ਨਾਲ ਚਿੰਗਾਰੀ ਰੋਕਣ ਵਾਲਾ ਪੁਰਜਾ ਲੱਗਾ ਹੈ ਤਾਂ ਜ਼ਿਆਦਾ ਬੇਹਤਰ ਹੈ ।

ਨੇੜਲੇ ਖੇਤ ਤੋਂ ਬੇਕਾਬੂ ਅੱਗ

ਕਾਰਨ : ਕਈ ਵਾਰ ਕਿਸਾਨ ਅਗਲੀ ਫ਼ਸਲ ਦੀ ਬਿਜਾਈ ਲਈ ਖੇਤ ਜਲਦੀ ਵਿਹਲਾ ਕਰਨ ਵਾਸਤੇ ਪਹਿਲੇ ਰਹਿੰਦੇ ਨਾੜ ਨੂੰ ਅੱਗ ਲਾ ਦਿੰਦੇ ਹਨ । ਇਸ ਤਰ੍ਹਾਂ ਦੀ ਲਗਾਈ ਅੱਗ ਬੇਕਾਬੂ ਹੋ ਕੇ ਨੇੜਲੇ ਕਈ ਖੇਤਾਂ ਨੂੰ ਵੀ ਸਵਾਹ ਕਰ ਦਿੰਦੀ ਹੈ ।

ਉਪਰਾਲੇ : ਖੇਤਾਂ ਦੇ ਨੇੜੇ ਅੱਗ ਲਗਾਉਣ ਦੀ ਮਨਾਹੀ ਚਾਹੀਦੀ ਹੈ । ਅੱਗ ਨੂੰ ਪੂਰੀ ਤਰ੍ਹਾਂ ਬੁਝਿਆ ਯਕੀਨੀ ਕਰਨ ਲਈ ਸਵਾਹ ਉਪਰ ਪਾਣੀ ਦਾ ਛਿੜਕਾਅ ਕਰਨਾ ਚਾਹੀਦਾ ਹੈ ।

ਖੇਤ ਵਿੱਚ ਬੀੜੀ ਜਾਂ ਸਿਗਰੇਟ ਦੀ ਵਰਤੋਂ

ਕਾਰਨ : ਕਾਮਿਆਂ ਵੱਲੋਂ ਖੇਤਾਂ ਵਿੱਚ ਬੀੜੀ, ਸਿਗਰੇਟ ਜਾਂ ਮਾਚਿਸ ਦੀ ਵਰਤੋਂ ਕਾਰਨ ਖੇਤ ਵਿੱਚ ਅੱਗ ਲੱਗ ਜਾਂਦੀ ਹੈ ।

ਉਪਰਾਲੇ : ਕਟਾਈ ਅਤੇ ਗਹਾਈ ਨੇੜੇ ਬੀੜੀ ਅਤੇ ਸਿਗਰੇਟ ਆਦਿ ਦੀ ਵਰਤੋਂ ਦੀ ਪੂਰੀ ਤਰ੍ਹਾਂ ਮਨਾਹੀ ਚਾਹੀਦੀ ਹੈ ।

ਗਰਮ ਹਵਾਵਾਂ ਅਤੇ ਝੱਖੜ

ਕਾਰਨ : ਵਾਢੀ ਦੀ ਰੁੱਤ (ਅਪ੍ਰੈਲ-ਮਈ) ਵਿੱਚ ਖੇਤ ਸੁੱਕੇ ਹੁੰਦੇ ਹਨ, ਮੌਸਮ ਗਰਮ ਹੁੰਦਾ ਹੈ ਅਤੇ ਨਤੀਜੇ ਵੱਜੋਂ ਗਰਮ ਹਵਾਵਾਂ ਹਨੇਰੀ ਦਾ ਰੂਪ ਲੈਣ ਲੱਗਦੀਆਂ ਹਨ । ਤੇਜ ਹਵਾਵਾਂ ਲਾਗੇ ਜਲਾਈ ਅੱਗ ਦੀਆਂ ਚਿੰਗਆਰਿਆਂ ਵੀ ਦੂਰ ਤੱਕ ਖਿੰਡਾਂ ਦਿੰਦੀਆਂ ਹਨ ।

ਉਪਰਾਲੇ : ਅੱਗ ਫੈਲਣ ਤੋਂ ਰੋਕਣ ਲਈ ਪਾਣੀ ਦਾ ਨੇੜੇ ਅਤੇ ਸੁਚੱਜਾ ਪ੍ਰਬੰਧ ਚਾਹੀਦਾ ਹੈ । ਲੋੜ ਪੈਣ ਤੇ ਨੇੜੇ ਦੀ ਮੋਟਰ ਤੋਂ ਪਾਣੀ ਵਰਤਿਆ ਜਾ ਸਕਦਾ ਹੈ । ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਨੂੰ ਘਟਾਉਣ ਲਈ ਸੰਬੰਧਿਤ ਸਰਕਾਰੀ ਅਦਾਰੇ ਤੋਂ ਮਦਦ ਲੈਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ।

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ

12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 15
ਮਿਤੀ 11-04-2026

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : JAGPREET SINGH,
Printer, Publisher and Owner of Weekly
'KHETI DUNIYAN' Printed at Drishti Printers,
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from Kheti Duniyan, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.PUNPUN00806

ਮੌਸਮੀ ਤਬਦੀਲੀ ਦੇ ਦੌਰ ਵਿੱਚ

ਜੈਵਿਕ ਕੀਟਨਾਸ਼ਕਾਂ ਦਾ ਮਹੱਤਵ

ਜਪਨੀਤ ਕੌਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ-141004

ਅੱਜ ਦੀ ਖੇਤੀਬਾੜੀ ਬਦਲਦੇ ਮੌਸਮ ਦੇ ਪ੍ਰਭਾਵ ਹੇਠ ਇਕ ਨਵੇਂ ਅਤੇ ਸੰਵੇਦਨਸ਼ੀਲ ਦੌਰ ਵਿੱਚ ਦਾਖਲ ਹੋ ਰਹੀ ਹੈ। ਜਿਵੇਂ-ਜਿਵੇਂ ਧਰਤੀ ਦਾ ਮੌਸਮ ਬਦਲ ਰਿਹਾ ਹੈ, ਕਿਸਾਨਾਂ ਅੱਗੇ ਨਵੀਆਂ ਅਤੇ ਮੁਸ਼ਕਲ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਹਨ ਜੋ ਫ਼ਸਲਾਂ ਦੀ ਪੈਦਾਵਾਰ ਅਤੇ ਖੁਰਾਕ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਂਦੀਆਂ ਹਨ। ਵੱਧ ਰਹੀਆਂ ਗਰਮੀਆਂ, ਅਨਿਸ਼ਚਿਤ ਮੀਂਹ ਦੇ ਰੁਝਾਨ ਅਤੇ ਵਾਰ-ਵਾਰ ਆਉਣ ਵਾਲੀਆਂ ਗਰਮੀ ਦੀਆਂ ਲਹਿਰਾਂ ਨਾ ਸਿਰਫ਼ ਫ਼ਸਲਾਂ ਨੂੰ ਸਿੱਧਾ ਨੁਕਸਾਨ ਪਹੁੰਚਾਉਂਦੀਆਂ ਹਨ, ਸਗੋਂ ਕੀੜਿਆਂ ਅਤੇ ਬਿਮਾਰੀਆਂ ਦੇ ਦਬਾਅ ਨੂੰ ਵੀ ਵਧਾਉਂਦੀਆਂ ਹਨ। ਇਹ ਬਦਲਦੇ ਹਾਲਾਤ ਕੀੜਿਆਂ ਦੇ ਜੀਵਨ ਚੱਕਰ ਵਿੱਚ ਤਬਦੀਲੀਆਂ ਲਿਆ ਰਹੇ ਹਨ, ਉਨ੍ਹਾਂ ਦੀ ਫੈਲਾਅ ਦੀ ਹੱਦ ਵਧਾ ਰਹੇ ਹਨ ਅਤੇ ਉਨ੍ਹਾਂ ਦੀ ਬਚਾਅ ਤੇ ਵਧਣ ਦੀ ਸਮਰੱਥਾ ਨੂੰ ਮਜ਼ਬੂਤ ਕਰ ਰਹੇ ਹਨ। ਇਸ ਕਾਰਨ ਕੀੜਿਆਂ ਦੇ ਹਮਲੇ ਹੋਰ ਵੱਧ ਰਹੇ ਹਨ ਅਤੇ ਜ਼ਿਆਦਾ ਗੰਭੀਰ ਬਣ ਰਹੇ ਹਨ, ਖਾਸ ਕਰਕੇ ਚਾਵਲ ਅਤੇ ਮੱਕੀ ਵਰਗੀਆਂ ਮੁੱਖ ਫ਼ਸਲਾਂ ਵਿੱਚ।

ਕਈ ਦਹਾਕਿਆਂ ਤੋਂ ਰਸਾਇਣਕ ਦਵਾਈਆਂ ਇਨ੍ਹਾਂ ਸਮੱਸਿਆਵਾਂ ਦਾ ਮੁੱਖ ਹੱਲ ਰਹੀਆਂ ਹਨ। ਭਾਵੇਂ ਇਨ੍ਹਾਂ ਨੇ ਖੇਤੀਬਾੜੀ ਉਤਪਾਦਨ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਪਰ ਉਨ੍ਹਾਂ ਦੇ ਬੇਹਿਸਾਬ ਅਤੇ ਬੇਤਰਤੀਬ ਵਰਤੋਂ ਨੇ ਕਈ ਨੁਕਸਾਨ ਵੀ ਪੈਦਾ ਕੀਤੇ ਹਨ। ਰਸਾਇਣਕ ਅਵਸ਼ੇਸ਼ ਮਿੱਟੀ, ਪਾਣੀ ਅਤੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ, ਜਿਸ ਨਾਲ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਖਤਰਾ ਪੈਦਾ ਹੁੰਦਾ ਹੈ। ਲਾਭਕਾਰੀ ਜੀਵ, ਜਿਵੇਂ ਮੱਖੀਆਂ, ਕੁਦਰਤੀ ਸ਼ਿਕਾਰੀ ਅਤੇ ਮਿੱਟੀ ਦੇ ਸੂਖਮ ਜੀਵ, ਅਕਸਰ ਨੁਕਸਾਨ ਦਾ ਸ਼ਿਕਾਰ ਬਣਦੇ ਹਨ, ਜਿਸ ਨਾਲ ਕੁਦਰਤੀ ਸੰਤੁਲਨ ਖ਼ਰਾਬ ਹੁੰਦਾ ਹੈ। ਇਸ ਤੋਂ ਇਲਾਵਾ, ਲਗਾਤਾਰ ਵਰਤੋਂ ਨਾਲ ਕੀੜਿਆਂ ਵਿੱਚ ਰੋਧਕ ਸਮਰੱਥਾ ਪੈਦਾ ਹੋ ਗਈ ਹੈ, ਜਿਸ ਕਾਰਨ ਇਹ ਦਵਾਈਆਂ ਲੰਬੇ ਸਮੇਂ ਤੱਕ ਪ੍ਰਭਾਵਸ਼ਾਲੀ ਨਹੀਂ ਰਹਿੰਦੀਆਂ ਅਤੇ ਕਿਸਾਨਾਂ ਨੂੰ ਹੋਰ ਤਾਕਤਵਰ ਦਵਾਈਆਂ ਵਰਤਣ ਲਈ ਮਜ਼ਬੂਰ ਕਰਦੀਆਂ ਹਨ।

ਇਨ੍ਹਾਂ ਵਧਦੀਆਂ ਸਮੱਸਿਆਵਾਂ ਦੇ ਮੱਦੇਨਜ਼ਰ, 'ਜੈਵਿਕ ਕੀਟਨਾਸ਼ਕ' ਵਧੀਆ ਅਤੇ ਵਾਤਾਵਰਣ- ਮਿਤਰ ਵਿਕਲਪ ਵਜੋਂ ਸਾਹਮਣੇ ਆ ਰਹੇ ਹਨ। ਇਹ ਕੁਦਰਤੀ ਸਰੋਤਾਂ ਜਿਵੇਂ ਸੂਖਮ ਜੀਵਾਂ, ਪੌਦਿਆਂ ਅਤੇ ਕੁਝ ਖਨਿਜ ਪਦਾਰਥਾਂ ਤੋਂ ਬਣੇ ਹੁੰਦੇ ਹਨ ਅਤੇ ਕੀੜਿਆਂ ਨੂੰ ਕਾਬੂ ਕਰਨ ਲਈ ਨਵਾਂ ਰਸਤਾ ਪ੍ਰਦਾਨ ਕਰਦੇ ਹਨ। ਇਹ ਵਿਸ਼ਾਲ ਪੱਧਰ 'ਤੇ ਜ਼ਹਿਰੀਲੇ ਪ੍ਰਭਾਵ ਦੀ ਬਜਾਏ ਖਾਸ ਅਤੇ ਜਟਿਲ ਕੁਦਰਤੀ ਤਰੀਕਿਆਂ ਰਾਹੀਂ ਕੰਮ ਕਰਦੇ ਹਨ, ਜਿਸ ਨਾਲ ਹੋਰ ਜੀਵਾਂ ਅਤੇ ਵਾਤਾਵਰਣ ਨੂੰ ਘੱਟ ਨੁਕਸਾਨ ਹੁੰਦਾ ਹੈ। ਇਨ੍ਹਾਂ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਖਾਸ ਕੀੜਿਆਂ ਨੂੰ ਹੀ ਨਿਸ਼ਾਨਾ ਬਣਾਉਂਦੇ ਹਨ। ਇਸ ਨਾਲ ਲਾਭਕਾਰੀ ਕੀੜੇ, ਜਿਵੇਂ ਮੱਖੀਆਂ ਅਤੇ ਹੋਰ ਸਹਾਇਕ ਜੀਵ, ਸੁਰੱਖਿਅਤ ਰਹਿੰਦੇ ਹਨ। ਇਸ ਤੋਂ ਇਲਾਵਾ, ਇਹ ਕੁਦਰਤੀ ਤੌਰ 'ਤੇ ਖਤਮ ਹੋ ਜਾਂਦੇ ਹਨ ਅਤੇ ਵਾਤਾਵਰਣ ਵਿੱਚ ਕੋਈ ਹਾਨੀਕਾਰਕ ਅਵਸ਼ੇਸ਼ ਨਹੀਂ ਛੱਡਦੇ।

ਜੈਵਿਕ ਕੀਟਨਾਸ਼ਕ ਨੂੰ ਉਨ੍ਹਾਂ ਦੇ ਸਰੋਤ ਅਤੇ ਕਾਰਵਾਈ ਦੇ ਢੰਗ ਅਨੁਸਾਰ ਵੱਖ-ਵੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ। ਮਾਈਕ੍ਰੋਬੀਅਲ ਜੈਵਿਕ ਕੀਟਨਾਸ਼ਕ, ਜੋ ਸਭ ਤੋਂ ਆਮ ਕਿਸਮ ਹਨ, ਬੈਕਟੀਰੀਆ, ਫੰਗਸ, ਵਾਇਰਸ ਅਤੇ ਹੋਰ ਸੂਖਮ ਜੀਵਾਂ ਤੋਂ ਪ੍ਰਾਪਤ ਹੁੰਦੇ ਹਨ। ਇਹ ਏਜੰਟ ਕੀੜਿਆਂ ਨੂੰ ਇੰਫੈਕਸ਼ਨ, ਵਿਸ਼ ਉਤਪਾਦਨ ਅਤੇ ਮੁਕਾਬਲੇ ਵਰਗੇ ਵੱਖ-ਵੱਖ ਤਰੀਕਿਆਂ ਰਾਹੀਂ ਨਿਯੰਤਰਿਤ ਕਰਦੇ ਹਨ। ਉਦਾਹਰਨ ਲਈ, ਕੁਝ ਬੈਕਟੀਰੀਆ ਅਜਿਹੇ ਪ੍ਰੋਟੀਨ ਬਣਾਉਂਦੇ ਹਨਟ ਜੋ ਕੀੜਿਆਂ ਦੇ ਲਾਰਵਾ ਦੇ ਪਾਚਣ

ਤੰਤਰ ਨੂੰ ਨਸ਼ਟ ਕਰਦੇ ਹਨ ਅਤੇ ਮੌਤ ਦਾ ਕਾਰਨ ਬਣਦੇ ਹਨ। ਦੂਜੇ ਪਾਸੇ, ਫੰਗਸ ਜੈਵਿਕ ਕੀਟਨਾਸ਼ਕ ਕੀੜਿਆਂ ਦੀ ਚਮੜੀ ਵਿੱਚ ਦਾਖਲ ਹੋ ਕੇ ਅੰਦਰ ਵਧਦੇ ਹਨ ਅਤੇ ਆਖ਼ਿਰਕਾਰ ਉਨ੍ਹਾਂ ਨੂੰ ਮਾਰ ਦਿੰਦੇ ਹਨ।

ਇੱਕ ਹੋਰ ਮਹੱਤਵਪੂਰਨ ਕਿਸਮ ਪੌਦਿਆਂ ਤੋਂ ਬਣੇ ਜੈਵਿਕ ਕੀਟਨਾਸ਼ਕ ਹਨ। ਪੌਦੇ ਆਪਣੇ ਬਚਾਅ ਲਈ ਕੁਦਰਤੀ ਤੌਰ 'ਤੇ ਕਈ ਰਸਾਇਣਕ ਪਦਾਰਥ ਬਣਾਉਂਦੇ ਹਨ, ਜੋ ਕੀੜਿਆਂ ਨੂੰ ਭਜਾਉਣ, ਖੁਰਾਕ ਖਾਣ ਤੋਂ ਰੋਕਣ ਜਾਂ ਉਨ੍ਹਾਂ ਦੇ ਵਾਧੇ ਨੂੰ ਰੋਕਣ ਵਿੱਚ ਸਹਾਇਕ ਹੁੰਦੇ ਹਨ। ਉਦਾਹਰਨ ਵਜੋਂ, ਨੀਮ ਤੋਂ ਬਣੇ ਪਦਾਰਥ ਕੀੜਿਆਂ ਦੇ ਵਾਧੇ ਅਤੇ ਪ੍ਰਜਨਨ ਨੂੰ ਰੋਕਦੇ ਹਨ। ਇਸੇ ਤਰ੍ਹਾਂ ਹੋਰ ਪੌਦਿਆਂ ਦੇ ਤੇਲ ਕੀੜਿਆਂ ਅਤੇ ਰੋਗਾਂ ਨੂੰ ਕਾਬੂ ਕਰਨ ਵਿੱਚ ਮਦਦ ਕਰਦੇ ਹਨ।

ਇੱਕ ਹੋਰ ਵਰਗ ਬਾਇਓਕੈਮੀਕਲ ਜੈਵਿਕ ਕੀਟਨਾਸ਼ਕ ਹੈ ਜੋ ਕੀੜਿਆਂ ਦੇ ਵਿਹਾਰ ਨੂੰ ਬਦਲ ਕੇ ਕੰਮ ਕਰਦਾ ਹੈ। ਇਹ ਪਦਾਰਥ ਕੀੜਿਆਂ ਦੇ ਆਪਸੀ ਸੰਚਾਰ ਵਿੱਚ ਰੁਕਾਵਟ ਪੈਦਾ ਕਰਦੇ ਹਨ, ਜਿਸ ਨਾਲ ਉਹ ਮਿਲਾਪ ਨਹੀਂ ਕਰ ਸਕਦੇ ਜਾਂ ਫ਼ਸਲਾਂ ਵੱਲ ਨਹੀਂ ਆਉਂਦੇ। ਇਸ ਨਾਲ ਨੁਕਸਾਨ ਘੱਟਦਾ ਹੈ ਅਤੇ ਵਾਤਾਵਰਣ 'ਤੇ ਅਸਰ ਪੈਂਦਾ ਹੈ।

ਆਧੁਨਿਕ ਵਿਗਿਆਨਿਕ ਤਰੱਕੀਆਂ ਨਾਲ ਪੌਦਾ-ਅੰਦਰੂਨੀ ਸੁਰੱਖਿਆਕਾਰਾਂ ਦਾ ਵਿਕਾਸ ਵੀ ਹੋਇਆ ਹੈ, ਜਿਸ ਵਿੱਚ ਫ਼ਸਲਾਂ ਨੂੰ ਵੰਸ਼ਾਕੁਰ ਤੌਰ 'ਤੇ ਇਸ ਤਰ੍ਹਾਂ ਤਿਆਰ ਕੀਤਾ ਜਾਂਦਾ ਹੈ ਕਿ ਉਹ ਕੀੜਾ-ਰੋਧਕ ਪਦਾਰਥ ਬਣਾਉਣ। ਇਸ ਤੋਂ ਇਲਾਵਾ, ਆਰ-ਐਨ-ਏ ਐਡੀਟਿੰਗ ਨਵੀਆਂ ਤਕਨਾਲੋਜੀਆਂ ਖਾਸ ਜੀਨ ਨੂੰ ਨਿਸ਼ਾਨਾ ਬਣਾ ਕੇ ਕੀੜਿਆਂ ਦੇ ਜੀਵਨ ਲਈ ਜ਼ਰੂਰੀ ਪ੍ਰਕਿਰਿਆਵਾਂ ਨੂੰ ਰੋਕਣ ਦੀ ਸੰਭਾਵਨਾ ਵਧਾ ਰਹੀਆਂ ਹਨ। ਖੇਤਰੀ ਅਧਿਐਨਾਂ ਅਤੇ ਵਿਹਾਰਕ ਵਰਤੋਂ ਨੇ ਜੈਵਿਕ ਕੀਟਨਾਸ਼ਕਾਂ ਦੀ ਪ੍ਰਭਾਵਸ਼ੀਲਤਾ ਸਾਬਤ ਕੀਤੀ ਹੈ। ਕਈ ਪ੍ਰਣਾਲੀਆਂ ਵਿੱਚ, ਇਨ੍ਹਾਂ ਨੇ ਕੀੜਿਆਂ ਅਤੇ ਬਿਮਾਰੀਆਂ ਨੂੰ ਕਾਫੀ ਹੱਦ ਤੱਕ ਘਟਾਇਆ ਹੈ ਅਤੇ ਕੁਝ ਮਾਮਲਿਆਂ ਵਿੱਚ 55 ਤੋਂ 70 ਪ੍ਰਤੀਸ਼ਤ ਤੱਕ ਰੋਗ ਨਿਯੰਤਰਣ ਦਰ ਦਰਜ ਕੀਤੀ ਗਈ ਹੈ।

ਕੀੜਾ ਨਿਯੰਤਰਣ ਤੋਂ ਇਲਾਵਾ, ਜੈਵਿਕ ਕੀਟਨਾਸ਼ਕ ਬਦਲਦੇ ਮੌਸਮ ਅਨੁਸਾਰ ਖੇਤੀ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਉਨ੍ਹਾਂ ਦੀ ਉਤਪਾਦਨ ਪ੍ਰਕਿਰਿਆ ਘੱਟ ਊਰਜਾ ਦੀ ਲੋੜ ਰੱਖਦੀ ਹੈ, ਜਿਸ ਨਾਲ ਗ੍ਰੀਹ-ਤਾਪ ਵਧਾਉਣ ਵਾਲੀਆਂ ਗੈਸਾਂ ਦੀ ਨਿਕਾਸੀ ਘਟਦੀ ਹੈ। ਮਿੱਟੀ ਦੀ ਸਿਹਤ ਅਤੇ ਸੂਖਮ ਜੀਵਾਂ ਦੀ ਵਿਭਿੰਨਤਾ ਨੂੰ ਬਰਕਰਾਰ ਰੱਖ ਕੇ ਇਹ ਪੋਸ਼ਕ ਚੱਕਰ ਅਤੇ ਖੇਤੀ ਪ੍ਰਣਾਲੀ ਦੀ ਮਜ਼ਬੂਤੀ ਨੂੰ ਵਧਾਉਂਦੇ ਹਨ। ਕੁਝ ਜੈਵਿਕ ਕੀਟਨਾਸ਼ਕ ਪੌਦਿਆਂ ਦੇ ਵਾਧੇ ਅਤੇ ਤਣਾਅ ਸਹਿਨਸ਼ੀਲਤਾ ਨੂੰ ਵੀ ਵਧਾਉਂਦੇ ਹਨ। ਇਸ ਤੋਂ ਇਲਾਵਾ, ਇਹ ਭੋਜਨ ਅਤੇ ਵਾਤਾਵਰਣ ਵਿੱਚ ਹਾਨੀਕਾਰਕ ਰਸਾਇਣਕ ਅਵਸ਼ੇਸ਼ਾਂ ਨੂੰ ਘਟਾਉਂਦੇ ਹਨ, ਜਿਸ ਨਾਲ ਖਾਦ ਸੁਰੱਖਿਆ ਅਤੇ ਲੋਕ ਸਿਹਤ ਵਿੱਚ ਸੁਧਾਰ ਹੁੰਦਾ ਹੈ।

> ਜੈਵਿਕ ਕੀਟਨਾਸ਼ਕ ਨੂੰ ਉਨ੍ਹਾਂ ਦੇ ਸਰੋਤ ਅਤੇ ਕਾਰਵਾਈ ਦੇ ਢੰਗ ਅਨੁਸਾਰ ਵੱਖ-ਵੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ। ਮਾਈਕ੍ਰੋਬੀਅਲ ਜੈਵਿਕ ਕੀਟਨਾਸ਼ਕ, ਜੋ ਸਭ ਤੋਂ ਆਮ ਕਿਸਮ ਹਨ, ਬੈਕਟੀਰੀਆ, ਫੰਗਸ, ਵਾਇਰਸ ਅਤੇ ਹੋਰ ਸੂਖਮ ਜੀਵਾਂ ਤੋਂ ਪ੍ਰਾਪਤ ਹੁੰਦੇ ਹਨ। ਇਹ ਏਜੰਟ ਕੀੜਿਆਂ ਨੂੰ ਇੰਫੈਕਸ਼ਨ, ਵਿਸ਼ ਉਤਪਾਦਨ ਅਤੇ ਮੁਕਾਬਲੇ ਵਰਗੇ ਵੱਖ-ਵੱਖ ਤਰੀਕਿਆਂ ਰਾਹੀਂ ਨਿਯੰਤਰਿਤ ਕਰਦੇ ਹਨ।

ਇਨ੍ਹਾਂ ਦੇ ਬਾਵਜੂਦ, ਜੈਵਿਕ ਕੀਟਨਾਸ਼ਕਾਂ ਨਾਲ ਕੁਝ ਚੁਣੌਤੀਆਂ ਵੀ ਜੁੜੀਆਂ ਹਨ। ਤਾਪਮਾਨ, ਨਮੀ ਅਤੇ ਹਾਨੀਕਾਰਕ ਕਿਰਨਾਂ ਵਰਗੇ ਵਾਤਾਵਰਣੀ ਕਾਰਕ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਹ ਰਸਾਇਣਕ ਕੀਟਨਾਸ਼ਕਾਂ ਨਾਲੋਂ ਹੌਲੀ ਗਤੀ ਨਾਲ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਸਹੀ ਸਮੇਂ ਤੇ ਵਰਤੋਂ ਬਹੁਤ ਜ਼ਰੂਰੀ ਹੁੰਦੀ ਹੈ। ਉਤਪਾਦਨ ਲਾਗਤ, ਸਟੋਰੇਜ ਸੰਬੰਧੀ ਸਮੱਸਿਆਵਾਂ ਅਤੇ ਜਾਣਕਾਰੀ ਦੀ ਘਾਟ ਵੀ ਉਨ੍ਹਾਂ ਦੀ ਵਰਤੋਂ ਨੂੰ ਸੀਮਿਤ ਕਰ ਸਕਦੀ ਹੈ। ਇਨ੍ਹਾਂ ਚੁਣੌਤੀਆਂ ਨੂੰ ਦੂਰ ਕਰਨ ਲਈ ਲਗਾਤਾਰ ਖੋਜ ਅਤੇ ਨਵੀਨਤਾ ਬਹੁਤ ਜ਼ਰੂਰੀ ਹਨ। ਨਵੀਆਂ ਤਕਨਾਲੋਜੀਆਂ ਜਿਵੇਂ ਨੈਨੋ ਅਤੇ ਸੂਖਮ-ਘਟਨਾਬੰਦੀ ਜੈਵਿਕ ਕੀਟਨਾਸ਼ਕਾਂ ਦੀ ਸਥਿਰਤਾ ਅਤੇ ਪ੍ਰਭਾਵਸ਼ੀਲਤਾ ਨੂੰ ਵਧਾ ਰਹੀਆਂ ਹਨ। ਜੀਵ-ਤਕਨਾਲੋਜੀ ਅਤੇ ਸਮੂਹਿਕ ਅਪਿਐਨ ਆਧਾਰਿਤ ਤਰੀਕੇ ਹੋਰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਕਿਸਮਾਂ ਦੇ ਵਿਕਾਸ ਵਿੱਚ ਮਦਦ ਕਰ ਰਹੇ ਹਨ। ਨਵੇਂ ਖੇਤੀ ਦੇ ਸਾਧਨ ਜਿਵੇਂ ਸੰਵੇਦਕ ਅਤੇ ਬਿਨਾ ਪਾਇਲਟ ਉੱਡਣ ਵਾਲੇ ਯੰਤਰ ਨਿਸ਼ਾਨੇਬੰਦ ਵਰਤੋਂ ਨੂੰ ਯਕੀਨੀ ਬਣਾਉਂਦੇ ਹਨ, ਜਿਸ ਨਾਲ ਲਾਗਤ ਘਟਦੀ ਹੈ ਅਤੇ ਪ੍ਰਭਾਵਸ਼ੀਲਤਾ ਵਧਦੀ ਹੈ।

ਭਵਿੱਖ ਵਿੱਚ, ਜੈਵਿਕ ਕੀਟਨਾਸ਼ਕ ਖੇਤੀ ਵਿੱਚ ਹੋਰ ਵੀ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਸਾਫ ਅਤੇ ਰਸਾਇਣ-ਰਹਿਤ ਖੁਰਾਕ ਦੀ ਵੱਧਦੀ ਮੰਗ, ਸੁਚੱਜੇ ਵਾਤਾਵਰਣੀ ਨਿਯਮ ਅਤੇ ਮੌਸਮ-ਸਹਿਨਸ਼ੀਲ ਖੇਤੀ ਦੀ ਲੋੜ ਇਸ ਦੀ ਵਰਤੋਂ ਨੂੰ ਵਧਾ ਰਹੀ ਹੈ। ਅੰਤ ਵਿੱਚ, ਜੈਵਿਕ ਕੀਟਨਾਸ਼ਕ ਕੁਦਰਤੀ ਅਤੇ ਵਿਗਿਆਨਕ ਸਿਧਾਂਤਾਂ ਦਾ ਮਿਲਾਪ ਹਨ। ਇਹ ਟਿਕਾਊ ਖੇਤੀ ਲਈ ਇੱਕ ਮਜ਼ਬੂਤ ਰਸਤਾ ਪ੍ਰਦਾਨ ਕਰਦੇ ਹਨ ਜੋ ਉਤਪਾਦਕਤਾ ਅਤੇ ਵਾਤਾਵਰਣ ਦੀ ਰੱਖਿਆ ਵਿੱਚ ਸੰਤੁਲਨ ਬਣਾਉਂਦਾ ਹੈ। ਮੌਸਮੀ ਅਨਿਸ਼ਚਿਤਤਾ ਦੇ ਇਸ ਦੌਰ ਵਿੱਚ, ਇਹ ਸਿਰਫ਼ ਇੱਕ ਵਿਕਲਪ ਨਹੀਂ ਸਗੋਂ ਭਵਿੱਖ ਦੀ ਖੇਤੀ ਦਾ ਜ਼ਰੂਰੀ ਹਿੱਸਾ ਹਨ।

ਨਰਮੇ-ਕਪਾਹ ਦੀ ਫ਼ਸਲ ਤੋਂ ਚੰਗਾ ਮੁਨਾਫਾ ਲੈਣ ਲਈ ਸਿਫ਼ਾਰਸ਼ ਕਿਸਮਾਂ

**ਫ਼ਸਲਾਂ ਦੀਆਂ ਕਿਸਮਾਂ ਦੀ ਚੋਣ ਕਰਦੇ ਸਮੇਂ, ਕਿਸਾਨਾਂ ਨੂੰ ਅਜਿਹੀ ਕਿਸਮ ਚੁਣਨੀ ਚਾਹੀਦੀ ਹੈ ਜੋ ਉਨ੍ਹਾਂ ਦੇ ਵਾਤਾਵਰਣ ਲਈ ਢੁਕਵੀਂ ਹੋਵੇ । ਕਿਸਮਾਂ ਦੀ ਚੋਣ ਕਿਸੇ ਵੀ ਫ਼ਸਲ ਦੇ ਮੁਨਾਫ਼ੇ ਨੂੰ ਯਕੀਨੀ ਬਣਾਉਣ ਵਿੱਚ ਪਹਿਲਾ ਕਦਮ ਹੁੰਦਾ ਹੈ । ਕਿਸਾਨਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਕ ਕਿਸਮ ਦੇ ਹੇਠਾਂ ਪੂਰੇ ਰਕਬੇ ਨੂੰ ਨਾ ਬੀਜਣ ਕਿਉਂਕਿ ਇਸ ਨਾਲ ਬਿਮਾਰੀਆਂ ਅਤੇ ਕੀੜਿਆਂ ਦੇ ਹਮਲੇ ਦਾ ਖਤਰਾ ਵੱਧ ਹੁੰਦਾ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮੌਜੂਦਾ ਸਾਉਣੀ ਸੀਜ਼ਨ ਲਈ ਹੇਠ ਲਿਖੀਆਂ ਕਿਸਮਾਂ/ਹਾਈਬ੍ਰਿਡਾਂ ਦੀ ਕਾਸ਼ਤ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ।

ਨਰਮੇ ਦੀ ਅੰਤਰਰਾਜੀ ਕਮੇਟੀ ਦੁਆਰਾ ਮੁਲਾਂਕਣ ਦੇ ਆਧਾਰ 'ਤੇ ਪੰਜਾਬ ਵਿੱਚ ਸਾਉਣੀ 2026 ਦੌਰਾਨ ਕਾਸ਼ਤ ਲਈ ਸਿਫ਼ਾਰਸ਼ ਕੀਤੇ ਬੀਟੀ ਨਰਮੇ ਦੇ ਹਾਈਬ੍ਰਿਡ ਦੀ ਸੂਚੀ

ਲ. ਨੰ.	ਹਾਈਬ੍ਰਿਡ ਦਾ ਨਾਮ	ਔਸਤਨ ਝਾੜ (ਕਿਲੋ/ਹੈਕਟੇਅਰ)	ਪੱਤਾ ਮਰੋੜ ਬਿਮਾਰੀ (ਪੀ. ਡੀ. ਆਈ.)
1.	ਐੱਮ.ਆਰ.ਸੀ. 7041	3222	10.31
2.	ਵੀ.ਆਈ.ਸੀ.ਐੱਚ. 310	3101	10.07
3.	ਏ.ਸੀ.ਐੱਚ. 33-2	3091	17.34
4.	ਵੀ.ਆਈ.ਸੀ.ਐੱਚ. 309	3053	9.4
5.	ਐੱਮ.ਆਰ.ਸੀ. 7301	3024	11.38
6.	ਐੱਮ.ਆਰ.ਸੀ. 7365	2988	8.15
7.	ਕੇ.ਸੀ.ਐੱਚ. 172	2949	16.48
8.	ਸੁਪਰ 721	2943	17.38
9.	ਜੀ.ਬੀ.ਸੀ.ਐੱਚ. 85	2943	14.68
10.	ਸੁਪਰ 544	2942	9.91
11.	ਵੀ.ਆਈ.ਸੀ.ਐੱਚ. 308	2921	8.62
12.	ਕੇ.ਡੀ.ਸੀ.ਐੱਚ. 441	2914	15.7
13.	ਅੰਕੁਰ 3244	2902	5.55
14.	ਸੁਪਰ 971	2864	15.99
15.	ਆਰ.ਸੀ.ਐੱਚ. 773	2853	15.42
16.	ਕੇ.ਐਸ.ਸੀ.ਐੱਚ. 207	2841	13.42
17.	ਆਰ.ਸੀ.ਐੱਚ. 650	2825	13.5
18.	ਪੀ.ਸੀ.ਐੱਚ. 56 ਬੀ.ਜੀII	2823	14.32
19.	ਪੀ.ਯਾਰ.ਸੀ.ਐੱਚ. 7799 ਬੀ.ਜੀII	2809	7.4
20.	ਕੇ.ਸੀ.ਐੱਚ. 999	2784	16.68
21.	ਅੰਕੁਰ 3228	2772	16.2
22.	ਐਸ.ਡਬਲਯੂ.ਸੀ.ਐੱਚ. 4768	2744	6.85
23.	ਕੇ.ਡੀ.ਸੀ.ਐੱਚ. 641	2744	15.49
24.	ਐੱਮ.ਆਰ.ਸੀ. 7361	2742	10.08
25.	ਅੰਕੁਰ 5642	2735	15.82
26.	ਅੰਕੁਰ 999 ਬੀ.ਜੀII	2735	5
27.	841-2	2730	15.65
28.	ਐਸ.ਡਬਲਯੂ.ਸੀ.ਐੱਚ. 4750	2729	8.61
29.	ਆਰ.ਸੀ.ਐੱਚ. 776	2729	15.69
30.	ਐੱਨ.ਸੀ.ਐੱਚ. 9002	2702	17.66
31.	ਪੀ.ਸੀ.ਐੱਚ. 876 ਬੀ.ਜੀII	2670	12.3
32.	ਏ.ਸੀ.ਐੱਚ. 777-2 ਬੀ.ਜੀII	2670	5.64
33.	ਐੱਨ.ਸੀ.ਐਸ. 4455	2658	19.42
34.	ਸੁਪਰ 965	2648	14.4
35.	ਏ.ਸੀ.ਐੱਚ. 133-2	2640	15.15
36.	ਪੀ.ਆਰ.ਸੀ.ਐੱਚ. 333	2631	19.93
37.	ਪੀ.ਸੀ.ਐਸ. 9602 ਬੀ.ਜੀII	2627	11.52
38.	ਐੱਨ.ਸੀ.ਐਸ. 9024	2608	21.66
39.	ਸੱਕਤੀ 9	2608	2.91
40.	ਐਸ.ਪੀ. 7114 ਬੀ.ਜੀII	2588	9.16
41.	ਕੇ.ਡੀ.ਸੀ.ਐੱਚ.ਐੱਚ. 541 ਬੀ.ਜੀII	2566	10.31
42.	ਏ.ਸੀ.ਐੱਚ. 177-2	2544	20.47
43.	ਅੰਕੁਰ ਜੱਸੀ	2540	9.94
44.	ਅੰਕੁਰ 3224	2537	16.5
45.	ਸੋਲਰ 77	2521	19.38
46.	ਆਰ.ਸੀ.ਐੱਚ. 314	2485	6.29
47.	846-2	2458	20.38
48.	ਐਸ.ਡਬਲਯੂ.ਸੀ.ਐੱਚ. 4735	2448	8.81
49.	ਪੀ.ਸੀ.ਐੱਚ. 9611	2440	23.71
50.	ਪੀ.ਸੀ.ਐੱਚ. 877 ਬੀ.ਜੀII	2413	11.07
51.	ਆਰ.ਸੀ.ਐੱਚ. 653	2404	4.66
52.	ਕੇ.ਐਸ.ਸੀ.ਐੱਚ. 211 ਬੀ.ਜੀII	2390	7.56
53.	ਐਸ.ਡਬਲਯੂ.ਸੀ.ਐੱਚ. 4744	2338	6.58
54.	ਐੱਨ.ਸੀ.ਐੱਸ. 950 ਬੀ.ਜੀII	2318	11.63
55.	ਪੀ.ਸੀ.ਐੱਚ. 878 ਬੀ.ਜੀII	2279	11.89
56.	ਐਸ.ਡਬਲਯੂ.ਸੀ.ਐੱਚ. 4755	2263	13.71
57.	ਪੀ.ਸੀ.ਐੱਚ. 225 ਬੀ.ਜੀII	2250	11.83
58.	ਏ.ਬੀ.ਸੀ.ਐੱਚ. 181 ਬੀ.ਜੀII	2245	12.63

ਗੋਮਤੀ ਗਰੋਵਰ, ਪਰਮਜੀਤ ਸਿੰਘ ਅਤੇ ਧਰਮਿੰਦਰ ਪਾਠਕ,
ਖੇਤਰੀ ਖੋਜ ਕੇਂਦਰ, ਬਠਿੰਡਾ (ਮੋ. 94171-11601)

I. ਨਰਮੇ ਦੀਆਂ ਕਿਸਮਾਂ

ਬੀ.ਟੀ. ਕਿਸਮਾਂ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਵਿਕਸਿਤ ਕੀਤੀਆਂ ਬੀਟੀ ਨਰਮੇ ਦੀਆਂ ਕਿਸਮਾਂ ਵੀ ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਸ਼ ਹਨ ।

1. ਪੀ.ਏ.ਯੂ. ਬੀ.ਟੀ. 3 : ਇਹ ਕਿਸਮ ਅਮਰੀਕਨ ਅਤੇ ਚਿੱਤਕਰਬੀ ਸੁੰਡੀ ਤੋਂ ਸਹਿਣਸ਼ੀਲਤਾ ਰੱਖਦੀ ਹੈ । ਇਸ ਕਿਸਮ ਦਾ ਔਸਤਨ ਝਾੜ 10.2 ਕੁਇੰਟਲ ਪ੍ਰਤੀ ਏਕੜ ਹੈ । ਇਸ ਦੇ ਰੇਸ਼ੇ ਦੀ ਲੰਬਾਈ 26.2 ਮਿਲੀਮੀਟਰ ਅਤੇ ਇਸ ਦੇ ਰੂੰ ਦਾ ਕੱਸ 36.5 ਪ੍ਰਤੀਸ਼ਤ ਹੈ ਇਹ ਕਿਸਮ ਅਤੇ ਤੇਲੇ ਅਤੇ ਪੱਤਾ ਮਰੋੜ ਬਿਮਾਰੀ ਨੂੰ ਸਿਫ਼ਾਰਿਸ਼ ਕਰਦਾ ਹੈ ।

2. ਪੀ.ਏ.ਯੂ. ਬੀ.ਟੀ. 2 : ਇਹ ਕਿਸਮ ਅਮਰੀਕਨ ਅਤੇ ਚਿੱਤਕਰਬੀ ਸੁੰਡੀ ਤੋਂ ਸਹਿਣਸ਼ੀਲਤਾ ਰੱਖਦੀ ਹੈ । ਇਸ ਕਿਸਮ ਦਾ ਔਸਤਨ ਝਾੜ 10.0 ਕੁਇੰਟਲ ਪ੍ਰਤੀ ਏਕੜ ਹੈ । ਇਸ ਦੇ ਰੇਸ਼ੇ ਦੀ ਲੰਬਾਈ 27.6 ਮਿਲੀਮੀਟਰ ਅਤੇ ਇਸ ਦੇ ਰੂੰ ਦਾ ਕੱਸ 34.4 ਪ੍ਰਤੀਸ਼ਤ ਹੈ ਇਹ ਕਿਸਮ ਤੇਲੇ ਅਤੇ ਪੱਤਾ ਮਰੋੜ ਬਿਮਾਰੀ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ ।

ਨਰਮੇ ਦੀਆਂ ਦੋਗਲੀਆਂ ਬੀ.ਟੀ. ਕਿਸਮਾਂ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਹਰ ਸਾਲ ਝਾੜ, ਕੀੜੇ ਮਕੌੜਿਆਂ ਦੇ ਹਮਲੇ ਅਤੇ ਬਿਮਾਰੀਆਂ ਲਈ ਨਿੱਜੀ ਕੰਪਨੀਆਂ ਦੁਆਰਾ ਤਿਆਰ/ਪ੍ਰਯੋਜਿਤ ਬੀਟੀ ਨਰਮੇ ਹਾਈਬ੍ਰਿਡ ਦਾ ਮੁਲਾਂਕਣ ਕਰਦੀ ਹੈ। ਇਸ ਮੁਲਾਂਕਣ ਦੇ ਆਧਾਰ ਤੇ, ਸਾਉਣੀ 2026 ਦੌਰਾਨ ਪੰਜਾਬ ਵਿੱਚ ਕਾਸ਼ਤ ਲਈ ਵੱਖ-ਵੱਖ ਨਿੱਜੀ ਕੰਪਨੀਆਂ ਦੇ ਬੀ ਟੀ ਨਰਮੇ ਦੀ ਦੋਗਲੀਆਂ ਕਿਸਮਾਂ ਦੀ ਸਿਫ਼ਾਰਸ਼ ਕੀਤੀ ਜਾ ਰਹੀ ਹੈ ।

ਨਰਮੇ ਦੀਆਂ ਗੈਰ ਬੀ.ਟੀ. ਕਿਸਮਾਂ

ਹਲਕੀਆਂ ਜ਼ਮੀਨਾਂ ਤੇ ਵਧੀਆ ਝਾੜ ਦੇ ਸਕਦੀਆਂ ਹਨ ਕਿਉਕਿ ਇਨ੍ਹਾਂ ਕਿਸਮਾਂ ਨੂੰ ਖਾਦ ਪਾਣੀ ਦੀ ਘੱਟ ਲੋੜ ਹੁੰਦੀ ਹੈ । ਇਸ ਲਈ ਜਿਨ੍ਹਾਂ ਕਸਬਿਆਂ ਵਿੱਚ ਪਾਣੀ ਦੀ ਘਾਟ ਹੈ ਉੱਥੇ ਗੈਰ ਬੀ.ਟੀ. ਕਿਸਮਾਂ ਵੀ ਬੀਜੀਆਂ ਜਾ ਸਕਦੀਆਂ ਹਨ ।

1. ਐਫ. 2228 : ਇਹ ਕਿਸਮ ਲਗਭਗ 180 ਦਿਨਾਂ ਵਿੱਚ ਪੱਕ ਕੇ 7.4 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ । ਇਸ ਦੇ ਰੇਸ਼ੇ ਦੀ ਲੰਬਾਈ 29.0 ਮਿਲੀਮੀਟਰ ਅਤੇ ਰੂੰ ਦਾ ਕੱਸ 34.4 ਪ੍ਰਤੀਸ਼ਤ ਹੁੰਦਾ ਹੈ । ਇਸ ਦੇ ਟੀਡੇ ਮੋਟੇ (3.8 ਗ੍ਰਾਮ) ਅਤੇ ਵਧੀਆ ਖਿੜਅ ਵਾਲੇ ਹਨ ।

2. ਐਲ.ਐਚ. 2108 : ਇਹ ਕਿਸਮ 165-170 ਦਿਨਾਂ ਵਿੱਚ ਪੱਕ ਕੇ 8.4 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ । ਇਸ ਦੇ ਰੇਸ਼ੇ ਦੀ ਲੰਬਾਈ 27.9 ਮਿਲੀਮੀਟਰ ਅਤੇ ਰੂੰ ਦਾ ਕੱਸ 34.8 ਪ੍ਰਤੀਸ਼ਤ ਹੁੰਦਾ ਹੈ ।

II. ਦੇਸੀ ਕਪਾਹ ਦੀਆਂ ਕਿਸਮਾਂ

ਸਦੀਆਂ ਤੋਂ ਪੰਜਾਬ ਵਿੱਚ ਛੋਟੇ ਰੇਸ਼ੇ ਵਾਲੀ ਦੇਸੀ ਕਪਾਹ ਉਗਾਈ ਜਾਂਦੀ ਰਹੀ ਹੈ । ਜਿਸ ਤੋਂ ਉਸ ਦੀਆਂ ਘਰੇਲੂ ਲੋੜਾਂ ਦੀ ਪੂਰਤੀ ਕੀਤੀ ਜਾਂਦੀ ਸੀ ਪਰ ਪਿਛਲੇ 8-10 ਸਾਲ ਤੋਂ ਪੰਜਾਬ ਵਿੱਚ ਦੇਸੀ ਕਪਾਹ ਥੱਲੇ ਰਕਬਾ ਘੱਟ ਰਿਹਾ ਹੈ । ਦੇਸੀ ਕਪਾਹ ਦੀਆਂ ਕਿਸਮਾਂ ਨੂੰ ਪੱਤਾ ਮਰੋੜ ਰੋਗ ਨਹੀਂ ਲੱਗਦਾ ਅਤੇ ਰਸ ਚੁਸਣ ਵਾਲੇ ਕੀੜੇ ਖਾਸ ਕਰਕੇ ਚਿੱਟੀ ਮੱਖੀ ਦੇ ਹਮਲੇ ਤੋਂ ਸਹਿਣਸ਼ੀਲਤਾ ਰੱਖਦੀ ਹੈ । ਇਸ ਤੋਂ ਇਲਾਵਾ ਦੇਸੀ ਕਪਾਹ ਨੂੰ ਹਲਕੀਆਂ ਜ਼ਮੀਨਾਂ ਅਤੇ ਘੱਟ ਪਾਣੀ ਦੇ ਹਾਲਤਾਂ ਵਿੱਚ ਉਗਾ ਕੇ ਵੀ ਵਧੀਆ ਝਾੜ ਲਿਆ ਜਾ ਸਕਦਾ ਹੈ । ਪਿਛਲੇ ਇੱਕ ਦੋ ਸਾਲ ਤੋਂ ਘੱਟ ਉਤਪਾਦਨ ਹੋਣ ਕਰਕੇ ਇਸ ਦਾ ਮੰਡੀ ਵਿੱਚ ਭਾਅ ਵੀ ਨਰਮੇ ਤੋਂ ਵੱਧ ਮਿਲਦਾ ਹੈ ਇਸ ਲਈ ਕਿਸਾਨ ਭਰਾ ਘੱਟ ਖਰਚਾ ਅਤੇ ਥੋੜ੍ਹੀ ਮਿਹਨਤ ਕਰਕੇ ਵੀ ਇਸ ਫ਼ਸਲ ਤੋਂ ਵੱਧ ਮੁਨਾਫਾ ਲੈ ਸਕਦੇ ਹਨ ।

1. ਪੀ.ਬੀ.ਡੀ. 88 : ਇਹ ਦੇਸੀ ਕਪਾਹ ਦੀ ਇੱਕ ਨਵੀਂ ਵਧੇਰੇ ਝਾੜ ਵਾਲੀ ਅਤੇ ਘੱਟ ਝੜਨ ਵਾਲੀ ਕਿਸਮ ਹੈ । ਜਿਸ ਦਾ ਝਾੜ 10.90 ਕੁਇੰਟਲ ਪ੍ਰਤੀ ਏਕੜ ਹੈ । ਇਸ ਦੇ ਰੇਸ਼ੇ ਦੀ ਔਸਤ 20.6 ਮਿਲੀਮੀਟਰ ਅਤੇ ਰੂੰ ਦਾ ਕੱਸ 38.2% ਹੈ । ਇਹ ਇੱਕ ਘੱਟ ਡਿੱਗਣ ਵਾਲੀ ਕਿਸਮ ਹੈ । ਜਿਸ ਨੂੰ ਦੂਜਿਆਂ ਦੇ ਮੁਕਾਬਲੇ ਘੱਟ ਚੁਗਾਈਆਂ ਦੀ ਲੋੜ ਪੈਂਦੀ ਹੈ । ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ

ਬਾਕੀ ਸਫਾ 6 'ਤੇ

ਭਾਰਤ ਦੇ ਉੱਤਰ ਇਲਾਕਿਆਂ ਲਈ ਕੇਂਦਰੀ ਉਪ ਕਮੇਟੀ ਵਲੋਂ ਅਧਿਸੂਚਿਤ ਬੀ.ਟੀ. ਨਰਮੇ ਦੀ ਹਾਈਬ੍ਰਿਡਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :

ਲ. ਨੰ.	ਹਾਈਬ੍ਰਿਡ ਦਾ ਨਾਮ
1.	ਰਘੁਵੀਰ
2.	ਏ.ਸੀ.ਐੱਚ. 945-2 ਬੀਜੀII
3.	ਏ.ਸੀ.ਐੱਚ. 955-2 ਬੀਜੀII
4.	ਆਰ.ਸੀ.ਐੱਚ. 938-2 ਬੀਜੀII
5.	ਆਰ.ਸੀ.ਐੱਚ. 951 ਬੀਜੀII
6.	ਆਰ.ਸੀ.ਐੱਚ. 846 ਬੀਜੀII
7.	ਆਰ.ਸੀ.ਐੱਚ. 926 ਬੀਜੀII
8.	ਐਮ.ਸੀ. 5403 ਬੀਜੀII
9.	ਐਮ.ਸੀ. 5408 ਬੀਜੀII
10.	ਐਮ.ਸੀ. 5410 ਬੀਜੀII
11.	ਕੇ.ਸੀ.ਐੱਚ. 307 ਬੀਜੀII
12.	ਸੀ. 9313 ਬੀਜੀII
13.	ਸੀ. 352 ਬੀਜੀII
14.	ਕੇ.ਜੀ.ਐੱਚ. 9323 ਬੀਜੀII
15.	ਕੇ.ਸੀ.ਐੱਚ. 9333 ਬੀਜੀII
16.	ਆਰ.ਸੀ.ਐੱਚ. 960 ਬੀਜੀII
17.	ਆਰ.ਸੀ.ਐੱਚ. 983 ਬੀਜੀII
18.	ਆਰ.ਸੀ.ਐੱਚ. 1136 ਬੀਜੀII
19.	ਆਰ.ਸੀ.ਐੱਚ. 101 ਬੀਜੀII
20.	ਆਰ.ਸੀ.ਐੱਚ. 1139 ਬੀਜੀII
21.	ਆਰ.ਸੀ.ਐੱਚ. 997 ਬੀਜੀII
22.	ਆਰ.ਸੀ.ਐੱਚ. 1103 ਬੀਜੀII
23.	ਕੇ.ਜੀ.ਐੱਚ. 9355 ਬੀਜੀII
24.	ਏ.ਆਰ.ਸੀ.ਐੱਚ. 2020 ਬੀਜੀII
25.	ਏ.ਸੀ.ਐੱਚ. 999-2 ਬੀਜੀII
26.	ਏ.ਸੀ.ਐੱਚ. 559-2 ਬੀਜੀII
27.	ਏ.ਸੀ.ਐੱਚ. 902-2 ਬੀਜੀII
28.	ਸੀ. 9314 ਬੀਜੀII
29.	ਸੀ. 9403 ਬੀਜੀII
30.	ਐਸ.ਪੀ. 7674 ਬੀਜੀII
31.	ਕੇ.ਸੀ.ਐੱਚ. 9377 ਬੀਜੀII
32.	ਡੀ.ਸੀ. 5417 ਬੀਜੀII
33.	ਡੀ.ਸੀ. 5418 ਬੀਜੀII

PCOS ਅਤੇ PCOD ਦੇ ਲੜਕੀਆਂ ਵਿੱਚ ਵੱਧ ਰਹੇ ਮਾਮਲੇ

ਡਾ. ਨਵਦੀਪ ਕੌਰ ਅਤੇ ਡਾ. ਰਿਪੁਦਮਨ ਸਿੰਘ, ਪਟਿਆਲਾ
ਮੋਬਾਇਲ : 98766-48197, 98152-00134

ਅੱਜ ਦੇ ਯੁੱਗ ਵਿੱਚ ਪਾਲੀਸਿਸਟਿਕ ਓਵਰੀ ਸਿੰਡਰੋਮ ਅਤੇ ਪਾਲੀਸਿਸਟਿਕ ਓਵੇਰਿਅਨ ਡਿਜੀਜ ਨੂੰ ਹਲਕੇ ਵਿੱਚ ਲੈਣਾ ਗੰਭੀਰ ਨਤੀਜਿਆਂ ਨੂੰ ਜਨਮ ਦੇ ਸਕਦਾ ਹੈ । ਡਾ. ਮਧੁਰੀਮਾਂ ਚਾਵਲਾ, ਇਸਤਰੀ ਰੋਗਾਂ ਦੇ ਮਾਹਰ, ਦੇ ਅਨੁਸਾਰ ਇਸ ਤੋਂ ਔਰਤਾਂ ਨੂੰ ਕੰਸੀਵ ਕਰਣ ਵਿੱਚ ਪਰੇਸ਼ਾਨੀ ਤੋਂ ਲੈ ਕੇ ਮੋਟਾਪਾ, ਡਿਪ੍ਰੇਸ਼ਨ ਵਰਗੀ ਕਈ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਹੋ ਸਕਦੀਆਂ ਹਨ । ਅਜਿਹੇ ਵਿੱਚ ਹਾਰਮੋਨਲ ਡਿਸਆਰਡਰ ਦਾ ਠੀਕ ਸਮੇਂ ਉੱਤੇ ਉਪਚਾਰ ਹੋਣਾ ਜ਼ਰੂਰੀ ਹੈ ।

ਉਥੇ ਹੀ ਦੂਜੇ ਪਾਸੇ ਮੇਰੇ ਕੋਲ ਇਸ ਹਾਰਮੋਨਲ ਡਿਸਆਰਡਰ ਨਾਲ ਜੁੜੇ ਮਾਮਲਿਆਂ ਦੀ ਗਿਣਤੀ ਵਿੱਚ ਵੀ ਵਾਧੇ ਦੇਖਣ ਨੂੰ ਮਿਲ ਰਹੇ ਹਨ । ਜ਼ਿਆਦਾਤਰ ਯੰਗ ਅਡਲਟਸ ਤੋਂ ਲੈ ਕੇ ਅਗਲੀ 30 ਦੀ ਫੀਮੇਲ ਪੇਸ਼ੇਂਟਸ ਇਸ ਗੱਲ ਤੋਂ ਅਣਜਾਣ ਦਿਖਦੀਆਂ ਹਨ ਕਿ ਇਹ ਸਮੱਸਿਆਵਾਂ ਉਨ੍ਹਾਂ ਦੇ ਲਈ ਮਾਂ ਬਣਨ ਵਿੱਚ ਪਰੇਸ਼ਾਨੀ ਪੈਦਾ ਕਰਨ ਤੋਂ ਲੈ ਕੇ ਡਿਪ੍ਰੇਸ਼ਨ ਅਤੇ ਏਂਗਜਾਇਟੀ ਦਾ ਕਾਰਨ ਬਣ ਸਕਦੀਆਂ ਹਨ । ਸਟਰੇਸ, ਅਨਹੇਲਦੀ ਡਾਇਟ ਅਤੇ ਸੇਡੇਂਟਰੀ ਲਾਇਫਸਟਾਇਲ ਨੂੰ ਮੈਂ ਇਸ ਤੇਜ਼ੀ ਨਾਲ ਵੱਧਦੇ ਮਾਮਲਿਆਂ ਦੀ ਸਭ ਤੋਂ ਵੱਡੀ ਵਜ੍ਹਾ ਮੰਨਦੀ ਹਾਂ ।

ਔਰਤਾਂ ਵਿੱਚ ਮਿਲਣ ਵਾਲਾ ਸਭ ਤੋਂ ਆਮ ਹਾਰਮੋਨਲ ਡਿਸਆਰਡਰ

ਪਾਲੀਸਿਸਟਿਕ ਓਵਰੀ ਸਿੰਡਰੋਮ ਅਤੇ ਪਾਲੀਸਿਸਟਿਕ ਓਵੇਰਿਅਨ ਡਿਜੀਜ ਅੱਜਕੇ ਸਮੇਂ ਵਿੱਚ ਰਿਪ੍ਰੋਡਕਟਿਵ ਏਜ ਗਰੁੱਪ ਦੀਆਂ ਔਰਤਾਂ ਵਿੱਚ ਪਾਇਆ ਜਾਣ ਵਾਲਾ ਸਭ ਤੋਂ ਆਮ ਹਾਰਮੋਨਲ ਡਿਸਆਰਡਰ ਬਣ ਚੁੱਕਿਆ ਹੈ । PCOD ਨੂੰ ਆਮ ਤੌਰ ਉੱਤੇ ਓਵੇਰਿਅਨ ਫੰਕਸ਼ਨ ਨਾਲ ਜੁੜਿਆ ਇੱਕ ਹਾਰਮੋਨਲ ਡਿਸਆਰਡਰ ਮੰਨਿਆ ਜਾਂਦਾ ਹੈ ਜਦੋਂ ਕਿ PCOS ਇੱਕ ਮੋਟਾਬੋਲਿਕ ਸਿੰਡਰੋਮ ਹੈ । ਇਹ ਦੋਨਾਂ ਵਿੱਚੋਂ ਕਿਸੇ ਵੀ ਡਿਸਆਰਡਰ ਦੀ ਚਪੇਟ ਵਿੱਚ ਆਉਣ ਉੱਤੇ ਓਵਰੀ ਦੇ ਨਾਰਮਲ ਫੰਕਸ਼ਨ ਉੱਤੇ ਨਕਾਰਾਤਮਕ ਅਸਰ ਪੈਂਦਾ ਹੈ ਜਿਸ ਦੇ ਨਾਲ ਇੱਰੇਗੁਲਰ ਪੀਰਿਅਡਸ, ਏਂਡਰੋਜਨ ਹਾਰਮੋਨ ਵਿੱਚ ਵਾਧਾ ਅਤੇ ਓਵਰੀ ਵਿੱਚ ਸਿਸਟ ਬਨਣ ਵਰਗੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ । PCOS ਦੇ ਮਾਮਲੇ ਵਿੱਚ ਚੀਜ਼ਾਂ ਥੋੜ੍ਹੀ ਜ਼ਿਆਦਾ ਗੰਭੀਰ ਹੋ ਜਾਂਦੀਆਂ ਹਨ । ਜੇਕਰ ਇਸ ਨੂੰ ਠੀਕ ਤਰੀਕੇ ਨਾਲ ਮੈਨੇਜ ਜਾਂ ਕੰਟਰੋਲ ਨਾ ਕੀਤਾ ਜਾਵੇ ਤਾਂ ਪੂਰੀ ਸਿਹਤ ਉੱਤੇ ਹੀ ਇਸ ਦਾ ਅਸਰ ਦਿਖਣ ਲੱਗਦਾ ਹੈ ।

PCOS ਅਤੇ PCOD ਦੇ ਲੱਛਣ

ਇੱਰੇਗੁਲਰ ਪੀਰਿਅਡਸ, ਪੀਰਿਅਡਸ ਨਾ ਹੋਣਾ, ਮੁਹਾਂਸੇ, ਭਾਰ ਵਧਣਾ, ਚਿਹਰੇ ਉੱਤੇ ਮੋਟੇ ਵਾਲ ਆਉਣਾ ਜਾਂ ਗੰਰੋਥ ਵੱਧਣਾ, ਸਰੀਰ ਉੱਤੇ ਵਾਲਾਂ ਦੀ ਗੰਰੋਥ ਵਧਣਾ, ਸਕੈਲਪ ਹੇਇਰ ਦਾ ਪਤਲਾ ਹੁੰਦੇ ਜਾਣਾ, ਕੰਸੀਵ ਕਰਣ ਵਿੱਚ ਮੁਸ਼ਕਲ ਆਉਣਾ ਹੈ ।

ਮੈਡੀਕਲ ਟੈਸਟ

ਹਾਰਮੋਨ ਨਾਲ ਜੁੜੀ ਇਸ ਸਮੱਸਿਆਵਾਂ ਦੇ ਮੈਡੀਕਲ ਕੰਫਰਮੇਸ਼ਨ ਲਈ ਡਾਕਟਰ ਦਾ ਪਰਾਮਰਸ਼ ਜ਼ਰੂਰੀ ਹੈ । ਏਕਸਪਰਟ ਪਹਿਲਾਂ ਮਰੀਜ਼ ਦੇ ਲੱਛਣਾਂ ਉੱਤੇ ਧਿਆਨ ਦਿੰਦੇ ਹਨ । ਉਸ ਦੇ ਬਾਅਦ ਉਹ ਹਾਰਮੋਨ ਲੇਵਲ, ਬਲਡ ਸ਼ੁਗਰ ਅਤੇ ਕੋਲੇਸਟਰਾਲ ਲੇਵਲ ਟੈਸਟ ਕਰਨ ਲਈ ਖੂਨ ਦੀ ਜਾਂਚ ਕਰਵਾਉਣ ਦਾ ਸੁਝਾਅ ਦਿੰਦੇ ਹਨ । ਇਸ ਦੇ ਨਾਲ ਪੇਲਵਿਕ ਅਲਟਰਾਸਾਉਂਡ ਕਰਵਾਉਣ ਦੀ ਸਲਾਹ ਵੀ ਦਿੱਤੀ ਜਾਂਦੀ ਹੈ ।

ਰਿਪ੍ਰੋਡਕਟਿਵ ਅਤੇ ਫਿਜਿਕਲ ਹੈਲਥ ਉੱਤੇ PCOD - PCOS ਦਾ ਅਸਰ

ਇਹ ਡਿਸਆਰਡਰ ਫਿਜਿਕਲ ਅਤੇ ਰਿਪ੍ਰੋਡਕਟਿਵ ਹੇਲਥ ਉੱਤੇ ਕਈ ਤਰ੍ਹਾਂ ਨਾਲ ਅਸਰ ਪਾ ਸਕਦੇ ਹਨ ਜਿਵੇਂ ਕਿ :

ਹਾਰਮੋਨਲ ਇੰਬੈਲੇਂਸ ਨਾਲ ਓਵਿਊਲੇਸ਼ਨ ਵਿੱਚ ਸਮੱਸਿਆ, ਕੰਸੀਵ ਕਰਣ ਵਿੱਚ ਪਰੇਸ਼ਾਨੀ, ਮੋਟਾਪਾ, ਇੰਸੁਲਿਨ ਰੇਜਿਸਟੇਂਸ, ਟਾਈਪ 2 ਡਾਇਬਿਟੀਜ, ਹਾਈ ਕੋਲੇਸਟਰਾਲ, ਲੰਬੇ ਸਮੇਂ ਤੱਕ ਇਸ ਸਮੱਸਿਆ ਦੇ ਬਣੇ ਰਹਿਣ ਉੱਤੇ ਤੀਵੀਂ ਨੂੰ ਦਿਲ ਨਾਲ ਜੁੜੀ ਬਿਮਾਰੀਆਂ ਵੀ ਹੋ ਸਕਦੀਆਂ ਹਨ ।

ਮੇਂਟਲ ਹੈਲਥ ਉੱਤੇ ਅਸਰ

ਪਾਲੀਸਿਸਟਿਕ ਓਵਰੀ ਸਿੰਡਰੋਮ ਅਤੇ ਪਾਲੀਸਿਸਟਿਕ ਓਵੇਰਿਅਨ ਡਿਜੀਜ ਮੇਂਟਲ ਹੈਲਥ ਉੱਤੇ ਵੀ ਨਕਾਰਾਤਮਕ ਅਸਰ ਪਾਉਂਦੇ ਹਨ ਹਾਲਾਂਕਿ ਇਸ ਪੱਖ ਨੂੰ ਅਕਸਰ ਨਜ਼ਰਅੰਦਾਜ਼ ਦਰ ਦਿੱਤਾ ਜਾਂਦਾ ਹੈ । ਇਹ ਹਾਲਤ ਨੂੰ ਵਿਗਾੜਨ ਦਾ ਕੰਮ ਕਰਦਾ ਹੈ ਜਿਸਦੇ ਨਾਲ ਔਰਤਾਂ ਦੀ ਮਾਨਸਿਕ ਸਿਹਤ ਗੰਭੀਰ ਹਾਲਤ ਵਿੱਚ ਵੀ ਪਹੁੰਚ ਸਕਦੀ ਹੈ । ਇੰਡੀਅਨ ਜਰਨਲ ਆਫ਼ ਮੈਡੀਕਲ ਸਪੈਸ਼ਲਿਟੀਜ ਵਿੱਚ ਪ੍ਰਕਾਸ਼ਿਤ ਪੜ੍ਹਾਈ ਦੇ ਅਨੁਸਾਰ ਇਸ ਸਮੱਸਿਆ ਦੇ ਕਾਰਨ ਟਰਿਗਰ ਹੋਣ ਵਾਲੇ ਹਾਰਮੋਨਲ ਇੰਬੈਲੇਂਸ, ਬਾਡੀ ਇਮੇਜ ਇਸ਼ੂਜ ਅਤੇ ਸਾਇਕੋਲਾਜਿਲ ਸਟਰੇਸਰਸ ਔਰਤਾਂ ਵਿੱਚ ਏਂਗਜਾਇਟੀ ਅਤੇ ਡਿਪ੍ਰੇਸ਼ਨ ਦੇ ਜੋਖਮ ਨੂੰ ਵਧਾਉਂਦੇ ਹਨ । ਏਂਡਰੋਜਨ ਦਾ ਵਧਿਆ ਹੋਇਆ ਲੇਵਲ ਅਤੇ ਇੰਸੁਲਿਨ ਰੇਜਿਸਟੇਂਸ ਭਾਵਨਾਤਮਕ ਅਡੋਲਤਾ ਦਾ ਕਾਰਨ ਬਣਦੇ ਹਨ । ਓਥੇ ਪੀਸੀਓਡੀ ਦੇ ਲੱਛਣਾਂ ਵਿੱਚ ਸੁਮਾਰ ਹਿਰਸੁਟਿਜਮ, ਮੁਹਾਂਸੇ ਅਤੇ ਮੋਟਾਪਾ ਆਤਮ ਵਿਸ਼ਵਾਸ ਨੂੰ ਨਕਾਰਾਤਮਕ ਰੂਪ ਨਾਲ ਪ੍ਰਭਾਵਿਤ ਕਰ ਸਾਇਕੋਲਾਜਿਕਲ ਡਿਸਟਰੇਸ ਪੈਦਾ ਕਰਦੇ ਹਨ । ਸਟਡੀਜ ਦੇ ਅਨੁਸਾਰ, ਪੀਸੀਓਡੀ ਤੋਂ ਪ੍ਰਭਾਵਿਤ ਔਰਤਾਂ ਵਿੱਚੋਂ 40% ਏਂਗਜਾਇਟੀ ਅਤੇ ਕਰੀਬ 30% ਡਿਪ੍ਰੇਸ਼ਨ ਨਾਲ ਜੂਝਦੀਆਂ ਹਨ । ਹਾਰਮੋਨਲ ਸਮੱਸਿਆਵਾਂ ਦੇ ਨਾਲ ਹੀ ਇਸ ਮੇਂਟਲ ਹੈਲਥ ਪ੍ਰਾਬਲੰਸ ਦਾ ਵੀ ਸਮਾਂ ਰਹਿੰਦੇ ਉਪਚਾਰ ਕਰਾਇਆ ਜਾਣਾ ਜ਼ਰੂਰੀ ਹੈ । ਇਹ ਵੀ ਇੱਕ ਵਜ੍ਹਾ ਹੈ ਕਿ ਇਸ ਸਮੱਸਿਆਵਾਂ ਨੂੰ ਲੈ ਕੇ ਜਾਗਰੂਕਤਾ ਫੈਲਾਉਣਾ ਕਾਫ਼ੀ ਅਹਿਮ ਹੈ ।

ਕਿਉਂ ਵੱਧ ਰਹੇ ਹਨ PCOS ਅਤੇ PCOD ਦੇ ਮਾਮਲੇ ?

PCOS ਅਤੇ PCOD ਦੇ ਮਾਮਲੇ ਖਾਸਕਰ ਮੇਟਰੋਪਾਲਿਟਨ ਸ਼ਹਿਰਾਂ ਦੀ ਯੰਗ ਫੀਮੇਲਸ ਵਿੱਚ ਜ਼ਿਆਦਾ ਤੇਜ਼ੀ ਨਾਲ ਵੱਧਦੇ ਵੇਖੇ ਜਾ ਰਹੇ ਹਨ । ਅਰਬਨ ਵਰਕ ਕਲਚਰ ਵਿੱਚ ਔਰਤਾਂ ਅਕਸਰ ਲੰਮੀ ਸਿਫਟ ਵਿੱਚ ਕੰਮ ਕਰਦੀਆਂ ਹਨ । ਉੱਥੇ ਹੀ ਉਨ੍ਹਾਂ ਦੀ ਫਿਜਿਕਲ ਏਕਟਿਵਿਟੀ ਘੱਟ, ਨੀਂਦ ਅਨਿਯਮਿਤ ਅਤੇ ਡਾਇਟ ਵਿੱਚ ਪ੍ਰੋਸੇਸਡ ਐਂਡ ਫਾਸਟ ਫੂਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ । ਇਸ ਤਰ੍ਹਾਂ ਦੀ ਸਟਰੇਸਫੁਲ ਐਂਡ ਸੇਡੇਂਟਰੀ ਲਾਇਫਸਟਾਈਲ ਅਤੇ ਅਨਹੇਲਦੀ ਡਾਇਟ ਮਿਲ ਕੇ ਹਾਰਮੋਲ ਬੈਲੇਂਸ ਨੂੰ ਵਿਗਾੜਦੇ ਅਤੇ ਇੰਸੁਲਿਨ ਰੇਜਿਸਟੇਂਸ ਨੂੰ ਟਰਿਗਰ ਕਰਦੇ ਹਨ । ਇਸ ਵਜ੍ਹਾ ਤੋਂ ਪਾਲੀਸਿਸਟਿਕ ਓਵਰੀ ਸਿੰਡਰੋਮ ਅਤੇ ਪਾਲੀਸਿਸਟਿਕ ਓਵੇਰਿਅਨ ਡਿਜੀਜ ਦਾ ਜੋਖਮ ਕਾਫ਼ੀ ਵੱਧ ਜਾਂਦਾ ਹੈ ।

ਇਸ ਹਾਲਤ ਨੂੰ ਮੈਨੇਜ ਕਰਨ ਲਈ ਕੀ ਕਰੋ ?

ਪਾਲੀਸਿਸਟਿਕ ਓਵਰੀ ਸਿੰਡਰੋਮ ਅਤੇ ਪਾਲੀਸਿਸਟਿਕ ਓਵੇਰਿਅਨ ਡਿਜੀਜ ਤੋਂ ਪੀੜਿਤ ਔਰਤਾਂ ਲਈ ਲਾਇਫਸਟਾਇਲ ਐਂਡ ਡਾਇਟ ਨਾਲ ਜੁੜੇ ਬਦਲਾਵ ਸਮੱਸਿਆ ਨੂੰ ਮੈਨੇਜ ਕਰਨ ਵਿੱਚ ਸਭ ਤੋਂ ਅਹਿਮ ਭੂਮਿਕਾ ਨਿਭਾਉਂਦੇ ਹਨ ।

ਫਿਜਿਕਲ ਏਕਟਿਵਿਟੀ

ਰੇਗੂਲਰ ਫਿਜਿਕਲ ਏਕਟਿਵਿਟੀ ਜਿਵੇਂ ਬਰਿਸਕ ਵਾਕਿੰਗ, ਯੋਗ, ਪਿਲਾਟੀਜ ਅਤੇ ਵੇਟ ਲਿਫਟਿੰਗ ਇੰਸੁਲਿਨ ਸੇਂਸਿਟਿਵਿਟੀ ਨੂੰ ਬਿਹਤਰ ਬਣਾਉਣ ਵਿੱਚ ਅਸਰਦਾਰ ਹਨ । ਰੋਜ਼ਾਨਾ ਘੱਟ ਤੋਂ ਘੱਟ 30 ਮਿੰਟ ਦੀ ਮਿਡ ਲੇਵਲ ਫਿਜਿਕਲ ਏਕਟਿਵਿਟੀ ਜ਼ਰੂਰ ਕਰਨਾ ਚਾਹੀਦਾ ਹੈ ।

ਹੇਲਦੀ ਬੈਲੇਂਸਡ ਡਾਇਟ

ਇਸ ਹਾਲਤ ਵਿੱਚ ਹੇਲਦੀ ਅਤੇ ਬੈਲੇਂਸਡ ਡਾਇਟ ਫਾਲੋ ਕਰਨਾ ਕਾਫ਼ੀ ਜ਼ਿਆਦਾ ਮਹੱਤਵਪੂਰਣ ਹੋ ਜਾਂਦਾ ਹੈ । ਅਜਿਹਾ ਖਾਣਾ ਖਾਓ ਜਿਸ ਵਿੱਚ ਫਲ, ਸਬਜ਼ੀਆਂ ਅਤੇ ਹੇਲਦੀ ਫੈਟਸ ਸ਼ਾਮਿਲ ਹੋਣ । ਇਸ ਤੋਂ ਬਲਡ ਸ਼ੁਗਰ ਲੇਵਲ ਅਤੇ ਇੰਫਲੇਮੇਸ਼ਨ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਦਦ ਮਿਲੇਗੀ ।

ਸਟਰੇਸ ਮੈਨੇਜਮੇਂਟ ਅਤੇ ਮੇਂਟਲ ਪੀਸ

ਪ੍ਰਾਪਤ ਨੀਂਦ ਲਵੋ, ਰਿਲੈਕਸੇਸ਼ਨ ਅਤੇ ਮਾਇੰਡਫੁਲਨੇਸ ਟੈਕਨੀਕ ਦਾ ਇਸਤੇਮਾਲ ਕਰੋ, ਇਹ ਸਟਰੇਸ ਨੂੰ ਮੈਨੇਜ ਕਰਨ ਵਿੱਚ ਮਦਦਗਾਰ ਸਾਬਤ ਹੋਣਗੇ । ਇਹ ਹਾਰਮੋਨਲ ਇੰਬੈਲੇਂਸ ਨੂੰ ਮੈਨੇਜ ਕਰਨ ਵਿੱਚ ਬਹੁਤ ਅਸਰਦਾਰ ਸਾਬਤ ਹੁੰਦਾ ਹੈ ।

ਹੇਲਦੀ ਬਾਡੀ ਵੇਟ

ਹੇਲਦੀ ਬਾਡੀ ਵੇਟ ਮੇਨਟੇਨ ਕਰਨ ਉੱਤੇ ਹਾਰਮੋਨਲ ਬੈਲੇਂਸ ਐਂਡ ਪੀਰਿਅਡਸ ਸਾਈਕਲ ਬਿਹਤਰ ਬਣਦਾ ਹੈ ਜੇ PCOS ਅਤੇ PCOD ਦੀ ਹਾਲਤ ਵਿੱਚ ਰਾਹਤ ਦਿੰਦਾ ਹੈ ।

ਸਮੇਂ-ਸਮੇਂ ਉੱਤੇ ਮੈਡੀਕਲ ਚੈਕਅਪ ਕਰਵਾਉਂਦੇ ਰਹਿਣਾ ਵੀ ਹਾਰਮੋਨ ਨਾਲ ਜੁੜੀ ਸਮੱਸਿਆ ਦੇ ਛੇਤੀ ਤੋਂ ਛੇਤੀ ਨਿਦਾਨ ਅਤੇ ਉਪਚਾਰ ਕਰਨ ਵਿੱਚ ਸਹਾਇਕ ਹੁੰਦਾ ਹੈ । ਮੈਡੀਕਲ ਗਾਇਡੈਂਸ ਅਤੇ ਟਰੀਟਮੇਂਟ ਵਿੱਚ ਜਿੰਨੀ ਦੇਰੀ ਹੁੰਦੀ ਹੈ ਓਨੇ ਹੀ ਕੰਪਲਿਕੇਸ਼ੰਨਸ ਵੱਧਦੇ ਜਾਂਦੇ ਹਨ ਅਤੇ ਅੱਗੇ ਚਲ ਕੇ ਇਹ ਕਈ ਤਰ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਕਾਰਨ ਬਣ ਜਾਂਦੇ ਹਨ ।

ਬਾਕੀ ਸਫਾ 5 ਦੀ

ਨਰਮੇ-ਕਪਾਹ ਦੀ ਫ਼ਸਲ ਤੋਂ ਚੰਗਾ ਮੁਨਾਫਾ...

ਰੋਗ ਅਤੇ ਬੈਕਟੀਰੀਅਸ ਬਲਾਈਟ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ ।

2. ਐਲ.ਡੀ. 1019 : ਇਹ ਨਾ ਡਿੱਗਣ ਵਾਲੀ ਨਵੀਂ ਕਿਸਮ ਹੈ । ਇਸ ਕਿਸਮ ਦਾ ਔਸਤਨ ਝਾੜ 8.6 ਕੁਇੰਟਲ ਪ੍ਰਤੀ ਏਕੜ ਹੈ । ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ ਰੋਗ ਅਤੇ ਪੱਤਾ ਮਰੋੜ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ ।

3. ਐਲ.ਡੀ. 949 : ਇਸ ਕਿਸਮ ਦੀ ਕਪਾਹ ਦਾ ਔਸਤਨ ਝਾੜ 9.9 ਕੁਇੰਟਲ ਪ੍ਰਤੀ ਏਕੜ ਹੈ ਅਤੇ ਰੂੰ ਦਾ ਕੱਸ 40.1 ਪ੍ਰਤੀਸ਼ਤ ਹੈ । ਇਸ ਦੇ ਰੇਸ਼ੇ ਛੋਟੇ (20.7 ਮਿਲੀਮੀਟਰ) ਅਤੇ ਖੁਰਦਰੇ ਹਨ । ਇਸ ਦੀ ਰੂੰ ਸਰਜੀਕਲ

ਮੰਤਵ ਲਈ ਢੁੱਕਵੀਂ ਹੈ । ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ ਰੋਗ ਅਤੇ ਬੈਕਟੀਰੀਅਲ ਬਲਾਈਟ ਦਾ ਟਾਕਰਾ ਕਰਨ ਦੀ ਵਧੇਰੇ ਸਮਰੱਥਾ ਰੱਖਦੀ ਹੈ ।

4. ਐਫ.ਡੀ.ਕੇ. 124 : ਇਸ ਕਿਸਮ ਦਾ ਔਸਤਨ ਝਾੜ 9.28 ਕੁਇੰਟਲ ਪ੍ਰਤੀ ਏਕੜ ਹੈ । ਇਸ ਦੇ ਰੇਸ਼ੇ ਦੀ ਔਸਤ ਲੰਬਾਈ 21.0 ਮਿਲੀਮੀਟਰ ਅਤੇ ਰੂੰ ਦਾ ਕਸ 36.4 ਪ੍ਰਤੀਸ਼ਤ ਹੈ । ਇਹ ਕਿਸਮ ਤੇਲੇ ਅਤੇ ਚਿੱਟੀ ਮੱਖੀ ਦੇ ਹਮਲੇ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ ।

ਨਰਮੇ ਕਪਾਹ ਦਾ ਵੱਧ ਝਾੜ ਲੈਣ ਲਈ ਜ਼ਰੂਰੀ ਨੁਕਤੇ

1. ਫ਼ਸਲ ਦਾ ਵਧੀਆ ਜੰਮ ਅਤੇ ਮੁਢਲੇ ਵਾਧੇ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਜ਼ਰੂਰ ਕਰੋ । ਜ਼ਮੀਨ ਦੀ ਕਿਸਮ ਦੇ ਮੁਤਾਬਿਕ ਪਹਿਲਾ ਪਾਣੀ ਬਿਜਾਈ ਤੋਂ 4-6 ਹਫ਼ਤੇ ਬਾਅਦ ਹੀ ਲਗਾਓ ।

2. ਸਿਫ਼ਾਰਿਸ਼ ਕੀਤੀਆਂ ਕਿਸਮਾਂ ਹੀ ਬੀਜੋ ।

3. ਬਿਜਾਈ ਹਰ ਹਾਲਤ ਵਿੱਚ 15 ਮਈ ਤੱਕ ਕਰ ਦਿਓ ।

4. ਕੀੜੇ ਮਕੌੜਿਆਂ ਅਤੇ ਬਿਮਾਰੀਆਂ ਦੇ ਸਹੀ ਪ੍ਰਬੰਧ ਲਈ ਇਹਨਾਂ ਕੀੜਿਆਂ ਮਕੌੜਿਆਂ ਅਤੇ ਬਿਮਾਰੀਆਂ ਦੀਆਂ ਬਦਲਵੀਆਂ ਫ਼ਸਲਾਂ ਜਿਵੇਂ ਕਿ ਭਿੰਡੀ, ਮੂੰਗੀ, ਅਰਹਰ, ਜੰਤਰ ਅਤੇ ਅਰਿੰਡ ਨੂੰ ਨਰਮੇ ਕਪਾਹ ਦੇ ਖੇਤਾਂ ਵਿੱਚ ਅਤੇ ਆਲੇ ਦੁਆਲੇ ਬੀਜਣ ਤੋਂ ਸੰਕੋਚ ਕਰੋ ।

5. ਫੁੱਲਾਂ ਦੇ ਸ਼ੁਰੂ ਹੋਣ ਤੇ ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ 2 ਪ੍ਰਤੀਸ਼ਤ ਘੋਲ ਦੇ 4 ਛਿੜਕਾਅ ਕਰੋ ।

6. ਕਪਾਹ ਦੇ ਟੀਡਿਆਂ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਪਹਿਲਾ ਛਿੜਕਾਅ ਉਦੋਂ ਹਰ ਹਾਲਤ ਵਿੱਚ ਕਰੋ ਜਦੋਂ 25 ਪ੍ਰਤੀਸ਼ਤ ਪੌਦੇ ਫੁੱਲ-ਡੋਡੀ ਤੇ ਆਉਣੇ ਸ਼ੁਰੂ ਹੋ ਜਾਣ ।

7. ਕੀੜਿਆਂ ਦੀ ਸੁਚੱਜੀ ਰੋਕਥਾਮ ਲਈ ਕੀਟਨਾਸ਼ਕ ਪ੍ਰਤੀਰੋਧੀ ਪ੍ਰਬੰਧ ਦੀ ਕਾਰਜਨੀਤੀ ਨੂੰ ਅਪਨਾਓ । ਜ਼ਹਿਰਾਂ ਦੇ ਮਿਸ਼ਰਣ ਵਰਤਣ ਤੋਂ ਸੰਕੋਚ ਕਰੋ ।

8. ਭਾਰੀ ਮੀਂਹ ਪੈਣ ਤੇ ਖੇਤਾਂ ਵਿੱਚੋਂ ਪਾਣੀ ਦੀ ਨਿਕਾਸੀ ਕਰੋ ।

ਗਰਮ ਰੁੱਤ ਦੀ ਮੂੰਗੀ ਅਤੇ ਮਾਂਹ

ਮਿੱਟੀ ਦੀ ਸਿਹਤ ਲਈ ਵਰਦਾਨ

ਜਗਮਨਜੋਤ ਸਿੰਘ ਮਾਨ, ਹਰਸ਼ਨੀਤ ਸਿੰਘ ਸਰਾਂ ਅਤੇ ਉਪਿੰਦਰ ਸਿੰਘ ਸੰਧੂ,
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ (ਮੋਬਾਇਲ 94929-00307)

ਜ਼ਮੀਨ ਵਿੱਚ ਜੈਵਿਕ, ਜੀਵਾਣੂੰ ਅਤੇ ਰਸਾਇਣਕ ਖਾਦਾਂ ਦੀ ਸੰਤੁਲਿਤ ਵਰਤੋਂ ਤੋਂ ਇਲਾਵਾ ਗਰਮ ਰੁੱਤ ਦੀ ਮੂੰਗੀ ਜਾਂ ਮਾਂਹ ਦੀ ਫ਼ਸਲ ਵੀ ਮਿੱਟੀ ਦੀ ਸਿਹਤ ਸੁਧਾਰ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ । ਇਹ ਦਾਲਾਂ ਦੀ ਕਾਸ਼ਤ ਨਾਲ ਸੁਧਾਰ ਹੁੰਦਾ ਹੈ । ਇਸ ਨਾਲ ਮਿੱਟੀ ਵਿੱਚ ਹਵਾ ਦਾ ਅਦਾਨ ਪ੍ਰਦਾਨ, ਪਾਣੀ ਨੂੰ ਜਜ਼ਬ ਕਰਨ ਦੀ ਸਮਰੱਥਾ ਵਿੱਚ ਵਾਧਾ ਹੁੰਦਾ ਹੈ ।

ਸੂਖਮ ਜੀਵਾਣੂੰਆਂ ਦੀ ਗਿਣਤੀ ਵਿੱਚ ਵਾਧਾ : ਦਾਲਾਂ ਦੀ ਕਾਸ਼ਤ ਨਾਲ ਮਿੱਟੀ ਦੇ ਲਾਭਦਾਇਕ ਸੂਖਮ ਜੀਵਾਣੂਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ । ਇਹ ਜੀਵ ਮਿੱਟੀ ਵਿੱਚ ਮੌਜੂਦ ਜੈਵਿਕ ਰਹਿੰਦ-ਖੂੰਹਦ ਨੂੰ ਤੇਜ਼ੀ ਨਾਲ ਤੋੜਦੇ ਹਨ ਅਤੇ ਪੌਦਿਆਂ ਦੇ ਉਪਲਬਧ ਰੂਪਾਂ ਵਿੱਚ ਪੌਸ਼ਟਿਕ ਤੱਤ ਛੱਡਦੇ ਹਨ । ਜ਼ਮੀਨ ਦੀ ਜੈਵਿਕ ਗਤੀਵਿਧੀ ਦੇ ਵਾਧੇ ਨਾਲ ਪੌਸ਼ਟਿਕ ਤੱਤਾਂ ਦੇ ਚੱਕਰ ਵਿੱਚ ਸੁਧਾਰ ਹੁੰਦਾ ਹੈ । ਇਸ ਤਰ੍ਹਾਂ ਮਿੱਟੀ ਜੈਵਿਕ ਤੌਰ 'ਤੇ ਵੱਧ ਵਿਭਿੰਨ ਅਤੇ ਕੁਦਰਤੀ ਤੌਰ 'ਤੇ ਉਪਜਾਊ ਬਣਦੀ ਹੈ ।

ਪੌਸ਼ਟਿਕ ਤੱਤਾਂ ਵਿੱਚ ਸੁਧਾਰ : ਗਰਮੀ ਰੁੱਤ ਦੀ ਮੂੰਗੀ/ਮਾਂਹ ਦੀ ਜੜ੍ਹ ਪ੍ਰਣਾਲੀ ਕਣਕ-ਝੋਨੇ ਨਾਲੋਂ ਵੱਖਰੀ ਹੁੰਦੀ ਹੈ । ਇਹਨਾਂ ਫ਼ਸਲਾਂ ਦੀਆਂ ਬਾਰੀਕ ਜੜ੍ਹਾਂ ਜ਼ਮੀਨ ਦੇ ਅੰਦਰ ਤੱਕ ਪਹੁੰਚ ਕੇ ਪੌਸ਼ਟਿਕ ਤੱਤਾਂ ਨੂੰ ਇਕੱਠਾ ਕਰਦੀਆਂ ਹਨ । ਵਾਢੀ ਤੋਂ ਬਾਅਦ ਇਹਨਾਂ ਫ਼ਸਲਾਂ ਦੀਆਂ ਜੜ੍ਹਾਂ, ਜ਼ਮੀਨ ਦੇ ਉੱਪਰ ਰਹਿੰਦ-ਖੂੰਹਦ ਅਤੇ ਸੂਖਮ ਜੀਵ ਪੌਸ਼ਟਿਕ ਤੱਤ ਜਿਵੇਂ ਕਿ ਫਾਸਫੋਰਸ, ਪੋਟਾਸ਼ੀਅਮ, ਸਲਫ਼ਰ, ਕੈਲਸ਼ੀਅਮ ਨੂੰ ਮਿੱਟੀ ਵਿੱਚ ਵਾਪਸ ਛੱਡਦੇ ਹਨ ।

ਮਿੱਟੀ ਦੀ ਸੰਭਾਲ : ਗਰਮੀ ਰੁੱਤ ਦੀ ਮੂੰਗੀ/ਮਾਂਹ ਬਿਜਾਈ ਤੋਂ ਬਾਅਦ ਬਹੁਤ ਜਲਦੀ ਫੈਲਦੀਆਂ ਹਨ । ਇਹ ਕੁਦਰਤੀ ਛਤਰੀ ਮਿੱਟੀ ਦੀ ਸਤ੍ਹਾ ਨੂੰ ਮੀਂਹ ਦੀਆਂ ਬੂੰਦਾਂ ਅਤੇ ਤੇਜ਼ ਹਵਾ ਦੇ ਸਿੱਧੇ ਪ੍ਰਭਾਵ ਤੋਂ ਬਚਾਉਂਦੀ ਹੈ । ਇਨ੍ਹਾਂ ਫ਼ਸਲਾਂ ਦੀ ਬਾਰੀਕ ਜੜ੍ਹ ਪ੍ਰਣਾਲੀ ਮਿੱਟੀ ਦੀ ਉੱਪਰ ਵਾਲੀ ਤਹਿ ਨੂੰ ਬੰਨ੍ਹ ਕੇ ਰੱਖਣ ਵਿੱਚ ਮਦਦ ਕਰਦੀ ਹੈ । ਜਿਸ ਨਾਲ ਬਾਰਿਸ਼ ਜਾਂ ਤੇਜ਼ ਹਵਾਵਾਂ ਦੌਰਾਨ ਮਿੱਟੀ ਦੇ ਰੁੜ੍ਹਨ ਜਾਂ ਉੱਡਣ ਤੋਂ ਬਚਾਅ ਹੁੰਦਾ ਹੈ ।

ਕਿਸਾਨਾਂ ਨੂੰ ਲਾਭ

ਘੱਟ ਸਮਾਂ ਅਤੇ ਵਾਧੂ ਕਮਾਈ : ਗਰਮ ਰੁੱਤ ਦੀਆਂ ਦਾਲਾਂ 60-75 ਦਿਨਾਂ ਦੇ ਅੰਦਰ ਪੱਕ ਜਾਂਦੀਆਂ ਹਨ ਅਤੇ ਕਿਸਾਨਾਂ ਨੂੰ ਸਾਉਣੀ ਦੇ ਸੀਜ਼ਣ ਤੋਂ ਪਹਿਲਾਂ ਵਾਧੂ ਕਮਾਈ ਦਿੰਦੀਆਂ ਹਨ ।

ਨਾਈਟ੍ਰੋਜਨ ਦੀ ਬੱਚਤ : ਇਹਨਾਂ ਦਾਲਾਂ ਦੀਆਂ ਫ਼ਸਲਾਂ ਦੀ ਕੁਦਰਤੀ ਤੌਰ ਤੇ ਨਾਈਟ੍ਰੋਜਨ ਜਮ੍ਹਾਂ ਕਰਨ ਦੀ ਵਿਧੀ ਨਾਲ ਨਾਈਟ੍ਰੋਜਨ ਖਾਦ ਦੀ ਬੱਚਤ ਹੁੰਦੀ ਹੈ ।

ਬਾਜ਼ਾਰ ਵਿੱਚ ਵੱਧ ਮੰਗ : ਮੂੰਗੀ ਅਤੇ ਮਾਂਹ ਪ੍ਰੋਟੀਨ ਦੇ ਭਰਪੂਰ ਸੱਰੋਤ ਹਨ । ਇਹਨਾਂ ਦਾਲਾਂ ਦੀ ਨਿਰੰਤਰ ਘਰੇਲੂ ਖਪਤ ਬਾਜ਼ਾਰ ਮੰਗ ਨੂੰ ਯਕੀਨੀ ਬਣਾਉਂਦੀ ਹੈ ।

ਸਰੋਤਾਂ ਦੀ ਕੁਸ਼ਲ ਵਰਤੋਂ : ਦਾਲਾਂ ਦੀਆਂ ਫ਼ਸਲਾਂ ਨੂੰ ਮੌਸਮ ਦੀ ਸਥਿਤੀਆਂ ਦੇ ਅਧਾਰ ਤੇ 3-4 ਸਿੰਚਾਈਆਂ ਦੀ ਲੋੜ ਹੁੰਦੀ ਹੈ ਜੋ ਕਿ ਬਸੰਤ ਮੱਕੀ ਵਰਗੀਆਂ ਵੱਧ ਪਾਣੀ ਦੀ ਮੰਗ ਵਾਲੀਆਂ ਫ਼ਸਲਾਂ ਦੇ ਮੁਕਾਬਲੇ ਬਹੁਤ ਘੱਟ ਹਨ ।

ਸਾਰਣੀ : ਗਰਮ ਰੁੱਤ ਦੀ ਮੂੰਗੀ ਅਤੇ ਮਾਂਹ ਦੀਆਂ ਸੁਧਰੀਆਂ ਕਾਸ਼ਤ ਵਿਧੀਆਂ

ਫ਼ਸਲ	ਕਿਸਮਾਂ	ਪੱਕਣ ਲਈ ਦਿਨ	ਬਿਜਾਈ ਦਾ ਸਮਾਂ	ਬੀਜ ਦਰ (ਕਿਲੋ/ਏਕੜ)	ਖਾਦਾਂ ਦੀ ਵਰਤੋਂ (ਕਿਲੋ/ਏਕੜ)	ਝਾੜ (ਕੁਇੰਟਲ/ਏਕੜ)
ਗਰਮ ਰੁੱਤ ਦੀ ਮੂੰਗੀ	ਐਸ ਐਮ ਐਲ 1827	62	20 ਮਾਰਚ ਤੋਂ	12	11 ਕਿਲੋ ਯੂਰੀਆ ਅਤੇ	5.0
	ਐਸ ਐਮ ਐਲ 832	61	10 ਅਪ੍ਰੈਲ	12	100 ਕਿਲੋ ਸੁਪਰ ਬਿਜਾਈ ਸਮੇਂ	4.6
	ਐਸ ਐਮ ਐਲ 668	60		15		4.5
ਗਰਮ ਰੁੱਤ ਦੇ ਮਾਂਹ	ਮਾਂਹ 1137	74	15 ਮਾਰਚ ਤੋਂ	20	11 ਕਿਲੋ ਯੂਰੀਆ ਅਤੇ	4.5
	ਮਾਂਹ 1008	72	7 ਅਪ੍ਰੈਲ		60 ਕਿਲੋ ਸੁਪਰ ਬਿਜਾਈ ਸਮੇਂ	4.2

ਹੈ । ਘੱਟ ਸਮੇਂ ਦੀਆਂ ਫ਼ਸਲਾਂ ਹੋਣ ਕਾਰਨ ਇਹ ਪੰਜਾਬ ਦੇ ਰਵਾਇਤੀ ਜਿਵੇਂ ਕਿ ਕਣਕ-ਝੋਨਾ, ਝੋਨਾ-ਆਲੂ ਅਤੇ ਕਣਕ-ਬਾਸਮਤੀ ਫ਼ਸਲੀ ਚੱਕਰ ਵਿੱਚ ਚੰਗੀ ਤਰ੍ਹਾਂ ਫਿੱਟ ਹੋ ਸਕਦੀਆਂ ਹਨ ।

ਗਰਮ ਰੁੱਤ ਦੀਆਂ ਦਾਲਾਂ ਦੀ ਕਾਸ਼ਤ ਦਾ ਮਿੱਟੀ ਦੀ ਸਿਹਤ 'ਤੇ ਪ੍ਰਭਾਵ : ਜ਼ਮੀਨ ਵਿੱਚ ਨਾਈਟ੍ਰੋਜਨ ਜਮ੍ਹਾਂ ਕਰਨੀ- ਇਹਨਾਂ ਫ਼ਸਲਾਂ ਦੀਆਂ ਜੜ੍ਹਾਂ ਉੱਤੇ ਗੰਢਾਂ ਵਿੱਚ ਰਾਈਜ਼ੋਬੀਅਮ ਬੈਕਟੀਰੀਆ ਮੌਜੂਦ ਹੁੰਦੇ ਹਨ ਜੋ ਕਿ ਹਵਾ ਵਿੱਚ ਮੌਜੂਦ ਨਾਈਟ੍ਰੋਜਨ ਤੱਤ ਨੂੰ ਜ਼ਮੀਨ ਵਿੱਚ ਜਮ੍ਹਾਂ ਕਰਦੇ ਹਨ । ਇਸਦੇ ਨਾਲ ਅੱਗੇ ਲੱਗਣ

ਵਾਲੀ ਫ਼ਸਲ ਵਿੱਚ ਨਾਈਟ੍ਰੋਜਨ ਤੱਤ ਦੀ ਵਰਤੋਂ ਨੂੰ ਘਟਾਇਆ ਜਾ ਸਕਦਾ ਹੈ । ਇਹਨਾਂ ਫ਼ਸਲਾਂ ਦੀਆਂ ਫਲੀਆਂ ਨੂੰ ਤੋੜਨ ਤੋਂ ਬਾਅਦ ਝੋਨੇ ਦੀ ਲੁਆਈ ਤੋਂ ਪਹਿਲਾਂ ਮਿੱਟੀ ਵਿੱਚ ਗਰਮ ਰੁੱਤ ਦੀ ਮੂੰਗੀ ਜਾਂ ਮਾਂਹ ਦੀ ਰਹਿੰਦ-ਖੂੰਹਦ ਨੂੰ ਮਿਲਾਉਣ ਨਾਲ ਝੋਨੇ ਦੀ ਫ਼ਸਲ ਵਿੱਚ 16 ਕਿਲੋਗ੍ਰਾਮ ਨਾਈਟ੍ਰੋਜਨ (35 ਕਿਲੋਗ੍ਰਾਮ ਯੂਰੀਆ) ਪ੍ਰਤੀ ਏਕੜ ਘੱਟ ਪਾਇਆ ਜਾ ਸਕਦਾ ਹੈ ।

ਮਿੱਟੀ ਦੀ ਜੈਵਿਕ ਕਾਰਬਨ ਵਿੱਚ ਸੁਧਾਰ : ਗਰਮ ਰੁੱਤ ਦੀ ਮੂੰਗੀ/ਮਾਂਹ ਦੇ ਬਚੇ ਹੋਏ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਰਲਾਉਣ ਨਾਲ ਮਿੱਟੀ ਦੀ ਜੈਵਿਕ ਕਾਰਬਨ ਵਿੱਚ ਸੁਧਾਰ ਹੁੰਦਾ ਹੈ । ਜੈਵਿਕ ਕਾਰਬਨ ਦੇ ਵਾਧੇ ਵਜੋਂ ਮਿੱਟੀ ਦੀਆਂ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣਾਂ ਵਿੱਚ

ਹਉਮੈ ਖਾਤਿਰ ਜੰਗ ਨਾ ਛੇੜੋ

ਹਉਮੈ ਖਾਤਿਰ ਜੰਗ ਨਾ ਛੇੜੋ, ਗਲਬਾਤੀ ਬੂਹੇ ਨਾ ਭੇੜੋ ।
ਜੰਗ ਨਾ ਕੋਈ ਮਸਲਾ ਸੁਲਝਾਏ, ਇਹ ਤਾਂ ਸਗੋਂ ਹੋਰ ਵਧਾਏ ।
ਬੇਘਰ ਹੋ ਲੋਕੀਂ ਰੁਲਦੇ, ਹਰ ਪਾਸੇ ਖੂਨ ਹੈ ਡੁਲ੍ਹਦੇ ।
ਘਰਾਂ ਵਿੱਚੋਂ ਮਾਤਮ ਛਾ ਜਾਵੇ, ਤਬਾਹੀ ਨਜ਼ਰ ਹਰ ਥਾਂ ਆਵੇ ।
ਲੋਕ ਨਾ ਕਦੇ ਲੜਨਾ ਚਾਹੁਣ, ਲੀਡਰ ਪੱਠੇ ਹਉਮੈ ਪਾਵਣ ।
ਲਾਸ਼ਾਂ ਉਤੇ ਖੁਸ਼ੀ ਮਨਾਵਣ, ਖੂਬ ਇਹ ਨਚਣ ਤੇ ਗਾਵਣ ।
ਪੁੱਤਰ ਲਾਸ਼ਾਂ ਬਣ ਕੇ ਆਵਣ, ਘਰ ਉਨ੍ਹਾਂ ਦੇ ਉਜੜ ਜਾਵਣ ।
ਪੁੱਤਰ ਤਾਂ ਪੁੱਤਰ ਹੀ ਹੋਵਣ, ਦੋਵੇਂ ਪਾਸੀਂ ਮਾਵਾਂ ਰੋਵਣ ।
ਮਸ਼ੀਨਾਂ ਹੁਣ ਲੜਨ ਲੜਾਈ, ਸਭ ਪਾਸੇ ਕਰਨ ਤਬਾਹੀ ।
ਜੀਵ ਜੰਤੂ ਕੋਈ ਨਾ ਬਚਦਾ, ਢਹਿ ਜਾਵੇ ਸਭ ਵਸਦਾ ਹਸਦਾ ।
ਲੀਡਰ ਜਿੱਤੀ ਖੁਸ਼ੀ ਮਨਾਵਣ, ਘਰ ਉਨ੍ਹਾਂ ਦੇ ਹੋਰ ਭਰ ਜਾਵਣ ।
ਆਮ ਲੋਕਾਂ ਨੂੰ ਰੁਲਣਾ ਪੈਂਦਾ, ਉਜੜੇ ਦਾ ਦੁਖ ਸਹਿਣਾ ਪੈਂਦਾ ।
ਵਿਕੇ ਬਾਰੂਦ ਖੁਸ਼ੀ ਮਨਾਵਣ, ਉਨ੍ਹਾਂ ਦੇ ਘਰ ਭਰਦੇ ਜਾਵਣ ।
ਮਨੁਖ ਹੱਥੋਂ ਮਨੁਖ ਦਾ ਮਰਨਾ, ਸ਼ੈਤਾਨੀ ਹੈ ਕੰਮ ਇਹ ਕਰਨਾ ।
ਆਪ ਜੀਓ ਦੂਜੇ ਵੀ ਜੀਵਣ, ਇਨਸਾਨ ਨਹੀਂ ਜੋ ਰਤ ਪੀਵਣ ।
ਗੱਲਬਾਤ ਹੀ ਹਲ ਹੈ ਕਰਦੀ, ਸੂਝ ਨਾਲ ਹੀ ਹਉਮੈ ਮਰਦੀ ।
ਲੋਕ ਕਦੇ ਜੰਗ ਨਾ ਲੋਚਣ, ਉਹ ਤਾਂ ਭਲਾ ਹੀ ਸੋਚਣ ।
ਸ਼ਕਤੀ ਵਰਤੋਂ ਭਲੇ ਲਈ ਕਰੀਏ, ਕੁਦਰਤ ਦੇ ਕਹਿਰ ਤੋਂ ਡਰੀਏ ।
ਇੱਕ ਦਿਨ ਸਭਨਾਂ ਤੁਰ ਹੈ ਜਾਣਾ, ਇਹ ਨਹੀਂ ਹੈ ਪੱਕਾ ਟਿਕਾਣਾ ।
ਫ਼ਿਰ ਕਿਉਂ ਲੜੀਏ ਮਰੀਏ, ਲੋਕ ਆਹਾਂ ਤੋਂ ਡਰੀਏ ।
ਕੁਦਰਤ ਸਾਨੂੰ ਮਾਣ ਹੈ ਦਿੱਤਾ, ਸਵਰਗ ਵਰਗਾ ਸਾਡਾ ਖਿੱਤਾ ।
ਹਉਮੈ ਖਾਤਰ ਜੰਗ ਨਾ ਲੜੀਏ, ਧਰਤ ਆਪਣੀ ਦੀ ਰਾਖੀ ਕਰੀਏ ।

- ਡਾ. ਰਣਜੀਤ ਸਿੰਘ

No. 1
RURAL WEEKLY

Now Think Before Advertising
KHETI DUNIYAN RETAINS
LEADERSHIP
IN
READERSHIP

KHETI DUNIYAN
VOICE OF THE FARMERS

KD COMPLEX, GAUSHALA ROAD, NEAR SHER-E-PUNJAB MARKET, PATIALA-147001 (PB.) INDIA
Mob. 90410-14575
khetiduniyan1983@gmail.com

ਦਰਿਆਈ ਪਾਣੀਆਂ ਦੀ ਵੰਡ ਤੇ ਪੰਜਾਬ ਦਾ ਦਾਅਵਾ

ਪਰਮਜੀਤ ਸਿੰਘ ਗਾਜ਼ੀ
ਮੋਬਾਇਲ : 98882-70651

ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਇੱਕ ਵਾਰ ਮੁੜ ਚਰਚਾ ਵਿੱਚ ਹੈ। ਬੀਤੇ ਸਾਲਾਂ ਵਿੱਚ ਇਹ ਚਰਚਾ ਪੰਜਾਬ ਤੇ ਹਰਿਆਣਾ ਸਰਕਾਰ ਦਰਮਿਆਨ ਵਿਵਾਦਿਤ ਸਤਲੁਜ ਯਮੁਨਾ ਲਿੰਕ ਦੇ ਮਸਲੇ ਨੂੰ ਲੈ ਕੇ ਹੁੰਦੀ ਰਹੀ ਹੈ ਪਰ ਇਸ ਵਾਰ ਚਰਚਾ ਦਾ ਵਿਸ਼ਾ ਪੰਜਾਬ ਸਰਕਾਰ ਵਲੋਂ ਰਾਜਸਥਾਨ ਸਰਕਾਰ ਕੋਲੋਂ ਦਿੱਤੇ ਜਾ ਰਹੇ ਦਰਿਆਈ ਪਾਣੀ ਦੀ ਇਵਜ਼ ਵਿੱਚ ਮੰਗਿਆ ਗਿਆ 1.44 ਲੱਖ ਕਰੋੜ ਰੁਪਏ ਦਾ ਬਕਾਇਆ ਹੈ।

ਇਸ ਤੋਂ ਪਹਿਲਾਂ ਪੰਜਾਬ ਵਿੱਚ ਰਾਜਸਥਾਨ ਕੋਲੋਂ ਦਿੱਤੇ ਜਾ ਰਹੇ ਪਾਣੀ ਦੇ ਇਵਜ਼ਾਨੇ (ਰਾਇਲਟੀ) ਦਾ ਜ਼ਿਕਰ ਮੁੱਖ ਰੂਪ ਵਿੱਚ ਤਿੰਨ ਤਰਕਾਂ ਦੇ ਹਵਾਲੇ ਨਾਲ ਹੁੰਦਾ ਰਿਹਾ ਹੈ।

ਪਹਿਲਾ, ਜਦੋਂ ਪੰਜਾਬ ਪੱਖੀ ਮਾਹਿਰ ਜਾਂ ਬੁਲਾਰੇ ਰਾਜਸਥਾਨ ਸਮੇਤ ਗੈਰ-ਤਟਵਰਤੀ (ਨਾਨ-ਰਾਇਪੇਰੀਅਨ) ਸੂਬਿਆਂ ਨੂੰ ਪੰਜਾਬ ਦੇ ਦਰਿਆਵਾਂ ਦੇ ਦਿੱਤੇ ਜਾ ਰਹੇ ਪਾਣੀ ਦਾ ਜ਼ਿਕਰ ਕਰਦੇ ਸਨ ਤਾਂ ਉਹ ਇਹ ਦਲੀਲ ਦਿੰਦੇ ਸਨ ਕਿ 1955 ਜਾਂ 1981 ਦੇ ਸਮਝੌਤੇ 'ਸਮਝੌਤਾ ਕਾਨੂੰਨ' (ਕੰਟਰੈਕਟ ਐਕਟ) ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਕਿਉਂਕਿ ਪੰਜਾਬ ਨੂੰ ਦਿੱਤੇ ਜਾ ਰਹੇ ਪਾਣੀ ਦੇ ਬਦਲੇ ਕੋਈ ਵੀ ਇਵਜ਼ਾਨਾ ਨਹੀਂ ਮਿਲਦਾ ਜਦਕਿ ਸਮਝੌਤਾ ਕਾਨੂੰਨ ਦੀ ਇਹ ਸ਼ਰਤ ਹੈ ਕਿ ਇਵਜ਼ਾਨੇ ਤੋਂ ਬਿਨਾਂ ਕਾਨੂੰਨੀ ਤੌਰ ਉੱਤੇ ਲਾਗੂ ਕਰਨਯੋਗ ਸਮਝੌਤਾ ਨਹੀਂ ਹੋ ਸਕਦਾ।

ਦੂਜਾ ਤਰਕ ਇਹ ਦਿੱਤਾ ਜਾਂਦਾ ਸੀ ਕਿ ਰਾਜਸਥਾਨ ਦਾ ਕੁਦਰਤੀ ਸੋਰੋਤ ਪੱਥਰ (ਸੰਗਮਰਮਰ ਆਦਿ) ਹੈ ਤੇ ਪੰਜਾਬ ਦਾ ਕੁਦਰਤੀ ਸੋਰੋਤ ਦਰਿਆਈ ਪਾਣੀ ਹੈ। ਰਾਜਸਥਾਨ ਆਪਣੇ ਕੁਦਰਤੀ ਸੋਰੋਤ ਦੀ ਕੀਮਤ ਹਾਸਿਲ ਕਰਦਾ ਹੈ ਤੇ ਕਿਸੇ ਹੋਰ ਨੂੰ ਪੱਥਰ ਮੁਫ਼ਤ ਨਹੀਂ ਦਿੰਦਾ ਤਾਂ ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਮੁਫ਼ਤ ਕਿਉਂ ਦਿੱਤਾ ਜਾ ਰਿਹਾ ਹੈ ?

ਤੀਜਾ, 1920 ਵਿੱਚ ਬਹਾਵਲਪੁਰ, ਬੀਕਾਨੇਰ ਅਤੇ ਬਰਤਾਨਵੀ ਕਰਜ਼ੇ ਹੇਠਲੇ ਪੰਜਾਬ ਦਰਮਿਆਨ ਹੋਏ ਸਮਝੌਤੇ ਦੇ ਹਵਾਲੇ ਨਾਲ ਪੰਜਾਬ ਵਿੱਚ ਇਹ ਨੁਕਤਾ ਵੀ ਉੱਭਰਦਾ ਰਿਹਾ ਹੈ ਕਿ ਇਸ ਸਮਝੌਤੇ ਤਹਿਤ ਬੀਕਾਨੇਰ ਰਿਆਸਤ ਵਲੋਂ ਪੰਜਾਬ ਨੂੰ ਪਾਣੀ ਦੇ ਬਦਲੇ 'ਸਿਰਤਾਜਗੀ ਭੁਗਤਾਨ' (ਸੀਨੀਰੇਜ) ਕੀਤਾ ਜਾਂਦਾ ਸੀ ਜੋ ਕਿ ਬਾਅਦ ਵਿੱਚ ਬੰਦ ਕਰ ਦਿੱਤਾ ਗਿਆ। ਇਸ ਲਈ ਪੰਜਾਬ ਨੂੰ ਰਾਜਸਥਾਨ ਨੂੰ ਦਿੱਤੇ ਜਾ ਰਹੇ ਪਾਣੀ ਦਾ ਇਵਜ਼ਾਨਾ ਵਸੂਲ ਕਰਨਾ ਚਾਹੀਦਾ ਹੈ। ਇਸ ਮਨੋਰਥ ਲਈ ਸਾਲ 2018 ਵਿੱਚ ਪੰਜਾਬ ਮੰਚ ਵਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ (ਸੇਵਾਮੁਕਤ) ਅਜੀਤ ਸਿੰਘ ਬੈਂਸ ਅਤੇ ਪਟਿਆਲੇ ਤੋਂ ਲੋਕ ਸਭਾ ਦੇ ਤਤਕਾਲੀ ਮੈਂਬਰ ਡਾ. ਧਰਮਵੀਰ ਗਾਂਧੀ ਸਮੇਤ ਕੁੱਲ 20 ਸ਼ਖਸ਼ੀਅਤਾਂ ਨੇ ਰਾਜਸਥਾਨ ਕੋਲੋਂ ਬਕਾਇਆ ਵਸੂਲਣ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਪਟੀਸ਼ਨ ਦਾਖਿਲ ਕੀਤੀ ਸੀ ਜਿਸ ਉੱਤੇ ਅਜੇ ਤੱਕ ਫੈਸਲਾ ਨਹੀਂ ਆਇਆ।

ਚੌਥੀ ਤੇ ਨਵੀਂ ਲੀਹ

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਵਲੋਂ ਰਾਜਸਥਾਨ ਕੋਲੋਂ ਪਾਣੀ ਦਾ ਇਵਜ਼ਾਨਾ (ਸੀਨੀਰੇਜ/ਰਾਇਲਟ) ਮੰਗਣ ਦਾ ਕਦਮ ਇਸ ਮਾਮਲੇ ਵਿੱਚ ਇੱਕ ਨਵੀਂ ਲੀਹ ਹੈ। ਜ਼ਿਕਰਯੋਗ ਹੈ ਕਿ ਸਾਲ 2016 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਰਾਜਸਥਾਨ ਤੋਂ ਪਾਣੀ ਦਾ ਇਵਜ਼ਾਨਾ ਵਸੂਲਣ ਬਾਰੇ ਮਤਾ ਪਾਸ ਕੀਤਾ ਗਿਆ ਸੀ ਅਤੇ ਇਸੇ ਸਾਲ ਪੰਜਾਬ ਮੰਚ ਵਲੋਂ ਹਾਈ ਕੋਰਟ ਵਿੱਚ ਰਾਜਸਥਾਨ ਕੋਲੋਂ ਪਾਣੀ ਬਦਲੇ ਬਕਾਇਆ ਰਾਸ਼ੀ ਵਸੂਲਣ ਲਈ ਪਾਈ ਗਈ ਪਟੀਸ਼ਨ ਦੀ ਤਤਕਾਲੀ ਪੰਜਾਬ ਸਰਕਾਰ ਨੇ ਅਦਾਲਤ ਵਿੱਚ ਹਮਾਇਤ ਕੀਤੀ ਸੀ। ਪਰ ਹੁਣ ਪੰਜਾਬ ਸਰਕਾਰ ਨੇ ਅਧਿਕਾਰਤ ਤੌਰ ਉੱਤੇ ਜਲ ਸੋਰੋਤ ਸਕੱਤਰ ਰਾਹੀਂ ਰਾਜਸਥਾਨ ਕੋਲੋਂ ਭੁਗਤਾਨ ਦੀ ਮੰਗ ਕੀਤੀ ਹੈ। ਰਾਜਸਥਾਨ ਸਰਕਾਰ ਨੇ ਪੰਜਾਬ ਸਰਕਾਰ ਦੀ ਇਸ ਮੰਗ ਨੂੰ ਨਕਾਰਦੇ ਹੋਏ ਬਿਆਨ ਜਾਰੀ ਕੀਤਾ ਹੈ, ਜਿਸ ਉੱਤੇ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਇਸ ਮਾਮਲੇ ਨੂੰ ਲੋੜ ਅਨੁਸਾਰ ਅਦਾਲਤ ਵਿੱਚ ਲਿਜਾਇਆ ਜਾਵੇਗਾ।

'ਸਿਰਤਾਜਗੀ ਭੁਗਤਾਨ'

1920 ਦੇ ਤਿੰਨ ਧਿਰੀ ਸਮਝੌਤੇ ਦੀ ਮੁੱਖ ਗੱਲ ਇਹ ਸੀ ਕਿ ਬੀਕਾਨੇਰ ਰਿਆਸਤ (ਮੌਜੂਦਾ ਸਮੇਂ ਰਾਜਸਥਾਨ ਸਟੇਟ ਦਾ ਹਿੱਸਾ) ਪੰਜਾਬ ਦੇ ਦਰਿਆਵਾਂ ਦੇ ਮਾਮਲੇ ਵਿੱਚ ਇੱਕ ਗੈਰ-ਤਟਵਰਤੀ ਰਾਜ ਹੋਣ ਦੇ ਨਾਤੇ ਪਾਣੀ ਲੈਣ ਦਾ ਕਾਨੂੰਨੀ ਹੱਕਦਾਰ ਨਹੀਂ ਸੀ। ਰਿਆਸਤ ਦੇ ਬਰਤਾਨਵੀ ਸਰਕਾਰ ਨਾਲ ਸੰਬੰਧਾਂ ਦੇ ਚੱਲਦਿਆਂ ਪਹਿਲੀ ਸੰਸਾਰ ਜੰਗ ਵੇਲੇ ਬੀਕਾਨੇਰ ਵਲੋਂ ਬਰਤਾਨਵੀ ਹਕੂਮਤ ਦੇ ਕੀਤੇ ਸਹਿਯੋਗ ਦੇ ਮੱਦੇਨਜ਼ਰ ਅੰਗਰੇਜ਼ਾਂ ਨੇ ਇਹ ਰਾਹ ਕੱਢਿਆ ਕਿ ਇਸ ਰਿਆਸਤ ਨੂੰ 'ਸੀਨੀਰੇਜ' (ਸਿਰਤਾਜਗੀ ਜਾਂ ਸੈਵਰਨ ਹੱਕ ਦੇ ਦਾਅਵੇ ਦੀ ਤਸਦੀਕ ਵਜੋਂ ਕੀਤੇ ਜਾਣ ਵਾਲੇ ਭੁਗਤਾਨ) ਦੇ ਬਦਲੇ ਪੰਜਾਬ ਦੇ ਦਰਿਆਵਾਂ ਵਿੱਚੋਂ ਪਾਣੀ ਦੇ ਦਿੱਤਾ ਜਾਵੇ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਰਾਜਸਥਾਨ ਵਲੋਂ ਇੱਕ ਭੁਗਤਾਨ ਸੰਨ 1960 ਤੱਕ ਕੀਤਾ ਜਾਂਦਾ ਰਿਹਾ ਤੇ 1960 ਸਿੰਧ ਜਲ ਸੰਧੀ ਤੋਂ ਬਾਅਦ ਇਹ ਭੁਗਤਾਨ ਬੰਦ ਕਰ ਦਿੱਤਾ ਗਿਆ।

ਬਕਾਏ ਦੀ ਮੰਗ

ਪੰਜਾਬ ਦੇ ਜਲ ਸੋਰੋਤ ਸਕੱਤਰ ਕ੍ਰਿਸ਼ਨ ਕੁਮਾਰ ਨੇ ਰਾਜਸਥਾਨ ਦੇ ਹਮਰੁਤਬਾ ਨੂੰ ਲਿਖੀ ਚਿੱਠੀ ਵਿੱਚ 1961 ਤੋਂ 2026 ਤੱਕ ਰਾਜਸਥਾਨ ਨੂੰ ਗੰਗ ਨਹਿਰ ਤੇ ਰਾਜਸਥਾਨ ਨਹਿਰ ਰਾਹੀਂ ਦਿੱਤੇ ਗਏ ਪੰਜਾਬ ਦੇ ਦਰਿਆਈ ਪਾਣੀ ਦੇ ਬਕਾਏ ਦੇ 1.44 ਲੱਖ ਕਰੋੜ ਰੁਪਏ ਦਾ ਭੁਗਤਾਨ ਕਰਨ ਲਈ ਕਿਹਾ ਹੈ। ਚਿੱਠੀ ਵਿੱਚ 1920 ਤੇ ਤਿੰਨ ਧਿਰੀ ਸਮਝੌਤੇ ਦੀ ਮੱਦ 13 ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿੱਚ ਪਾਣੀ ਦੀ ਔਸਤਨ ਕੀਮਤ ਦਾ ਦਸਵਾਂ ਹਿੱਸਾ 'ਸਿਰਤਾਜਗੀ ਭੁਗਤਾਨ' ਵਜੋਂ ਅਦਾ ਕਰਨ ਦਾ ਜ਼ਿਕਰ ਹੈ। ਇਸ ਤੋਂ ਇਲਾਵਾ 1955 ਦੀ ਅੰਤਰ-ਸੂਬਾਈ ਬੈਠਕ ਦੀ ਕਾਰਵਾਈ ਦੇ ਬੰਦ 5 ਦਾ ਜ਼ਿਕਰ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਪਾਣੀ ਦੇ ਭੰਡਾਰਨ ਤੇ ਪਾਣੀ ਦੀ ਵੰਡ ਦੀ ਲਾਗਤ ਦਾ ਫੈਸਲਾ ਬਾਅਦ ਵਿੱਚ ਕੀਤਾ ਜਾਵੇਗਾ। ਚਿੱਠੀ ਵਿੱਚ ਤੀਜਾ ਹਵਾਲਾ ਅੰਤਰ-ਰਾਜੀ ਦਰਿਆਵਾਂ ਦੇ ਪਾਣੀ ਦੇ ਝਗੜਿਆਂ ਬਾਰੇ ਕਾਨੂੰਨ 1956 ਦੀ ਧਾਰਾ 14 ਹੈ। ਇਸ ਧਾਰਾ ਅਨੁਸਾਰ ਪੰਜਾਬ ਦੇ ਦਰਿਆ ਰਾਜਸਥਾਨ ਦੇ ਮਾਮਲੇ ਵਿੱਚ 'ਅੰਤਰ-ਰਾਜੀ ਦਰਿਆ' ਨਹੀਂ ਹਨ, ਕਿਉਂਕਿ ਪੰਜਾਬ ਦਾ ਕੋਈ ਵੀ ਦਰਿਆ ਰਾਜਸਥਾਨ ਵਿੱਚੋਂ ਨਹੀਂ ਲੰਘਦਾ। ਪੰਜਾਬ ਸਰਕਾਰ ਨੇ ਇਹ ਵੀ ਤਰਕ ਦਿੱਤਾ ਹੈ ਕਿ ਰਾਜਸਥਾਨ ਪੰਜਾਬ ਤੋਂ ਮਿਲਦੇ ਪਾਣੀ ਦਾ ਕਈ ਵਪਾਰਕ ਅਦਾਰਿਆਂ, ਜਿਵੇਂ ਕਿ ਰਿਫਾਇਨਰੀਆਂ, ਕੋਲੋਂ ਭੁਗਤਾਨ ਹਾਸਿਲ ਕਰ ਰਿਹਾ ਹੈ। ਇਸ ਵਾਸਤੇ ਵੀ ਰਾਜਸਥਾਨ ਨੂੰ ਪੰਜਾਬ ਨੂੰ ਪਾਣੀ ਬਦਲੇ ਭੁਗਤਾਨ ਕਰਨਾ ਚਾਹੀਦਾ ਹੈ।

ਮਾਮਲਾ ਲਮਕੇਗਾ

ਆਪ ਸਰਕਾਰ ਦੇ ਇਸ ਕਦਮ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਦੇ ਜਿਸ ਪੱਖ ਉੱਤੇ ਚਰਚਾ ਛੇੜੀ ਹੈ ਉਸ ਦਾ ਕੋਈ ਵੀ ਛੇਤੀ ਜਾਂ ਸੁਖਾਲਾ ਹੱਲ ਨਿਕਲਣ ਦੇ ਆਸਾਰ ਨਹੀਂ ਹਨ।

ਦੂਜੀ ਗੱਲ ਕਿ ਇਸ ਨਾਲ ਪੰਜਾਬ ਦੇ ਦਰਿਆਈ ਪਾਣੀਆਂ ਦੀ ਗੈਰ-ਤਟਵਰਤੀ ਰਾਜਾਂ ਨਾਲ ਕੀਤੀ ਗਈ ਵੰਡ ਤੋਂ ਇਨ੍ਹਾਂ ਰਾਜਾਂ ਨੂੰ ਦਿੱਤੇ ਜਾਂਦੇ ਪਾਣੀ ਦੀ ਸਥਿਤੀ ਵੀ ਨਹੀਂ ਬਦਲਣ ਲੱਗੀ। ਸੋ, ਇਹ ਕਦਮ ਕੁਝ ਹੱਦ ਤੱਕ ਨਵੀਂ ਚਰਚਾ ਜ਼ਰੂਰ ਛੇੜੇਗਾ ਪਰ ਇਸ ਨਾਲ ਜ਼ਮੀਨੀ ਹਾਲਾਤ ਬਹੁਤੇ ਨਹੀਂ ਬਦਲਣ ਲੱਗੇ।

ਕਾਨੂੰਨੀ ਮਾਨਤਾ

ਪੰਜਾਬ ਦੇ ਦਰਿਆਈ ਪਾਣੀ ਨੂੰ ਵੰਡਣ ਲਈ ਵੱਖ-ਵੱਖ ਸਮੇਂ (1955 ਤੇ 1981) ਹੋਏ ਕਥਿਤ ਸਮਝੌਤਿਆਂ ਬਾਰੇ ਪੰਜਾਬ ਦੇ ਮਾਹਿਰ ਇਹ ਰਾਏ ਪੇਸ਼ ਕਰਦੇ ਰਹੇ ਹਨ ਕਿ ਇਹ ਸਮਝੌਤੇ ਗੈਰ-ਵਿਧਾਨਕ ਹਨ। ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਲ 2004 ਵਿੱਚ ਇਨ੍ਹਾਂ ਸਮਝੌਤਿਆਂ ਨੂੰ ਰੱਦ ਕਰਨ ਲਈ ਕਾਨੂੰਨ ਵੀ ਬਣਾਇਆ ਸੀ। ਭਾਵੇਂ ਕਿ ਇਸੇ ਕਾਨੂੰਨ ਦੀ ਧਾਰਾ 5 ਤਹਿਤ ਅਸਿੱਧੇ ਤਰੀਕੇ ਨਾਲ ਵਿਧਾਨ ਸਭਾ ਨੇ ਇਨ੍ਹਾਂ ਸਮਝੌਤਿਆਂ ਤਹਿਤ ਦਿੱਤੇ ਜਾ ਰਹੇ ਦਰਿਆਈ ਪਾਣੀ ਉੱਤੇ ਕਾਨੂੰਨੀ ਮੋਹਰ ਵੀ ਲਗਾ ਦਿੱਤੀ ਸੀ, ਫਿਰ ਵੀ ਬਾਅਦ ਵਿੱਚ ਸੁਪਰੀਮ ਕੋਰਟ ਨੇ ਸਾਲ 2016 ਵਿੱਚ ਇਹ ਕਾਨੂੰਨ ਇਹ ਕਹਿੰਦਿਆਂ ਰੱਦ ਕਰ ਦਿੱਤਾ ਕਿ ਪੰਜਾਬ ਇਨ੍ਹਾਂ ਪਾਸੜ ਤੌਰ ਉੱਤੇ ਇਹ ਸਮਝੌਤੇ ਰੱਦ ਨਹੀਂ ਕਰ ਸਕਦਾ।

ਸਿੰਧੂ ਜਲ ਸੰਧੀ

1960 ਵਿੱਚ ਭਾਰਤ ਤੇ ਪਾਕਿਸਤਾਨ ਦਰਮਿਆਨ ਵਰਲਡ ਬੈਂਕ ਦੀ 9 ਸਾਲ ਚੱਲੀ ਵਿਚੋਲਗੀ ਨਾਲ ਹੋਈ 'ਸਿੰਧ ਜਲ ਸੰਧੀ' (ਇੰਡਸ ਵਾਟਰ ਟਰੀਟੀ) ਨੂੰ ਕੌਮਾਂਤਰੀ ਪੱਧਰ ਉੱਤੇ ਇੱਕ ਸਫ਼ਲ ਦਸਤਾਵੇਜ਼ ਮੰਨਿਆ ਜਾਂਦਾ ਸੀ, ਜੋ ਕਿ ਭਾਰਤ-ਪਾਕਿਸਤਾਨ ਦਰਮਿਆਨ ਹੋਈਆਂ ਜੰਗ ਦੇ ਬਾਵਜੂਦ ਵੀ ਸਾਲ 2025 ਤੱਕ ਪੂਰੀ ਤਰ੍ਹਾਂ ਲਾਗੂ ਰਹੀ। ਭਾਵੇਂ ਕਿ ਭਾਰਤ ਸਰਕਾਰ ਨੇ ਸਾਲ 2025 ਵਿੱਚ ਇਸ ਸਮਝੌਤੇ ਨੂੰ ਇਕਪਾਸੜ ਤੌਰ ਉੱਤੇ ਮੁਅੱਤਲ ਕਰਨ ਦਾ ਐਲਾਨ ਕਰ ਦਿੱਤਾ ਹੈ ਪਰ ਹੇਗ ਸਥਿਤ ਸਾਲਸੀ ਅਦਾਲਤ ਨੇ ਆਪਣੇ ਇੱਕ ਹਾਲੀਆ ਫੈਸਲੇ ਵਿੱਚ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਜਾਂ ਪਾਕਿਸਤਾਨ ਕਿਸੇ ਕੌਲ ਵੀ ਇਸ ਸੰਧੀ ਨੂੰ ਇਕਪਾਸੜ ਤੌਰ 'ਤੇ ਮੁਅੱਤਲ ਜਾਂ ਰੱਦ ਕਰਨ ਦਾ ਹੱਕ ਨਹੀਂ ਹੈ। ਅਦਾਲਤ ਅਨੁਸਾਰ 'ਸਿੰਧੂ ਜਲ ਸੰਧੀ' ਨੂੰ ਸੰਬੰਧਿਤ ਧਿਰਾਂ, ਭਾਵ ਭਾਰਤ ਤੇ ਪਾਕਿਸਤਾਨ, ਆਪਸ ਵਿੱਚ ਇੱਕ ਨਵੀਂ ਸੰਧੀ ਰਾਹੀਂ ਹੀ ਰੱਦ ਜਾਂ ਬਦਲ ਸਕਦੀਆਂ ਹਨ, ਪਰ ਦੋਵਾਂ ਵਿੱਚੋਂ ਕੋਈ ਵੀ ਇਸ ਨੂੰ ਇੱਕਪਾਸੜ ਉੱਤੇ ਮੁਅੱਤਲ ਜਾਂ ਰੱਦ ਨਹੀਂ ਕਰ ਸਕਦਾ।

ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਜਲ ਸੋਰੋਤ ਮੰਤਰਾਲੇ ਦੇ ਸਕੱਤਰ ਦੇਬ ਸ੍ਰੀ ਮੁਖਰਜੀ ਵੱਲੋਂ ਆਪਣੇ ਪਾਕਿਸਤਾਨੀ ਹਮਰੁਤਬਾ ਨੂੰ 24 ਅਪ੍ਰੈਲ 2025 ਨੂੰ ਭੇਜੀ ਅਧਿਕਾਰਤ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਭਾਰਤ ਸਰਕਾਰ ਨੇ ਪਾਕਿਸਤਾਨ ਨੂੰ ਸੰਧੀ ਦੀਆਂ ਸ਼ਰਤਾਂ ਮੁਤ ਤਹਿ ਕਰਨ ਵਾਸਤੇ ਸੰਧੀ ਦੀ ਮੱਦ (ਆਰਟੀਕਲ) 12(3) ਤਹਿਤ ਗੱਲਬਾਤ ਸ਼ੁਰੂ ਕਰਨ ਦਾ ਨੋਟਿਸ ਦਿੱਤਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ 1960 ਤੋਂ ਹੁਣ ਤੱਕ ਹਾਲਾਤ ਬਹੁਤ ਬਦਲ ਗਏ ਹਨ ਤੇ ਬੀਤੇ ਸਾਲਾਂ ਦੇ ਤਜ਼ਰਬੇ ਤੇ ਮੌਜੂਦਾ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਸੰਧੀ ਦੀਆਂ ਸ਼ਰਤਾਂ ਮੁੜ ਤਹਿ ਕਰਨ ਦੀ ਲੋੜ ਹੈ।

ਬਦਲੇ ਹੋਏ ਹਾਲਾਤ

ਹੁਣ ਜਦੋਂ ਭਾਰਤ ਸਰਕਾਰ ਇੱਕ ਅੰਤਰ-ਰਾਸ਼ਟਰੀ ਪੱਧਰ ਦੇ ਸਮਝੌਤੇ ਤੋਂ ਇਹ ਕਹਿ ਕੇ ਪਿੱਛੇ ਹਟ ਰਹੀ ਹੈ ਕਿ ਸੰਧੀ ਹੋਣ ਤੋਂ ਬਾਅਦ ਹੁਣ ਤੱਕ ਹਾਲਾਤ ਬਹੁਤ ਬਦਲ ਗਏ ਹਨ ਤਾਂ ਵਿਚਾਰਨ ਵਾਲੀ ਗੱਲ ਹੈ ਕਿ ਹਾਲਾਤ ਸਿਰਫ਼ ਭਾਰਤ ਤੇ ਪਾਕਿਸਤਾਨ ਦਰਮਿਆਨ ਪਾਣੀ ਦੀਆਂ ਲੋੜਾਂ ਦੇ ਹੀ ਨਹੀਂ ਬਦਲੇ। ਬਲਕਿ ਪੰਜਾਬ ਦੇ ਪ੍ਰਸੰਗ ਵਿੱਚ ਵੀ ਹਾਲਾਤ ਬਹੁਤ ਬਦਲ ਗਏ ਹਨ।

ਮਿਸਾਲ ਵਜੋਂ ਜਦੋਂ 31 ਦਸੰਬਰ 1981 ਵਾਲਾ ਕਥਿਤ ਸਮਝੌਤਾ ਹੋਇਆ ਸੀ, ਜਿਸ ਪੰਜਾਬ ਦੇ ਦਰਿਆਵਾਂ ਦਾ ਪਾਣੀ ਰਾਜਸਥਾਨ, ਹਰਿਆਣਾ ਤੇ ਦਿੱਲੀ ਦੇ ਗੈਰ-ਤਟਵਰਤੀ ਰਾਜਾਂ ਨੂੰ ਦਿੱਤਾ ਗਿਆ ਸੀ, ਉਸ ਵੇਲੇ ਪੰਜਾਬ ਦੇ ਰਾਵੀ ਤੇ ਬਿਆਸ ਦਰਿਆਵਾਂ ਵਿੱਚ 'ਵਾਧੂ ਪਾਣੀ' 171.70 ਲੱਖ ਏਕੜ ਫੁੱਟ ਮੰਨਿਆ ਗਿਆ ਸੀ ਜੋ ਕਿ 1921 ਤੋਂ 1960 ਤੱਕ 40 ਸਾਲਾਂ ਦੇ ਸਮੇਂ ਦੌਰਾਨ ਇਨ੍ਹਾਂ ਦਰਿਆਵਾਂ ਵਿੱਚ ਵਗੇ ਪਾਣੀ ਦੀ ਔਸਤ ਉੱਤੇ ਆਧਾਰਿਤ ਸੀ। 1981 ਤੋਂ 2013 ਦੀ ਔਸਤ ਦੇ ਆਧਾਰ ਉੱਤੇ ਇਹ ਅੰਕੜਾ ਘੱਟ ਕੇ 133.80 ਲੱਖ ਏਕੜ ਫੁੱਟ ਰਹਿ ਗਿਆ। ਸਾਲ 1981 ਤੋਂ 2021 ਦੀ ਔਸਤ ਦੇ ਆਧਾਰ ਉੱਤੇ ਇਹ ਮਿਕਦਾਰ ਹੋਰ ਘੱਟ ਕੇ 129.30 ਲੱਖ ਏਕੜ ਫੁੱਟ ਰਹਿ ਗਈ ਹੈ ਜੋ ਕਿ 1981 ਵਿੱਚ ਮਿੱਥੀ ਮਿਕਦਾਰ ਨਾਲੋਂ 30% ਘੱਟ ਹੈ।

ਸਥਿਤੀ ਦਾ ਦੂਜਾ ਪੱਖ ਪੰਜਾਬ ਦੇ ਜ਼ਮੀਨੀ ਪਾਣੀ ਦੇ ਸੰਕਟ ਦਾ ਹੈ। ਦਰਿਆਈ ਪਾਣੀ ਦੀ ਥੁੜ੍ਹ ਕਾਰਨ ਪੰਜਾਬ ਵਿੱਚ ਵੱਡੀ ਪੱਧਰ ਉੱਤੇ ਧਰਤੀ ਹੇਠੋਂ ਪਾਣੀ ਕੱਢਣਾ ਪੈ ਰਿਹਾ ਹੈ। ਭਾਰਤ ਸਰਕਾਰ ਦੇ 'ਕੇਂਦਰੀ ਭੂ-ਜਲ ਬੋਰਡ' ਦੇ ਆਪਣੇ ਅੰਕੜੇ ਹੀ ਦੱਸਦੇ ਹਨ ਕਿ ਪੰਜਾਬ ਧਰਤੀ ਹੇਠਲੇ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਧਰਤੀ ਹੇਠੋਂ ਪਾਣੀ ਕੱਢਣ ਦੀ ਦਰ ਦੇ ਹਿਸਾਬ ਨਾਲ ਸੂਬੇ ਦੇ 153 ਬਲਾਕਾਂ ਵਿੱਚੋਂ 111 ਅਤਿ-ਸ਼ੋਸ਼ਿਤ (ਓਵਰ ਐਕਸਪਲੋਇਟਿਡ) ਹਨ, 10 ਦੀ ਹਾਲਤ ਨਾਜ਼ੁਕ ਅਤੇ 15 ਦੀ ਅਰਧ-ਨਾਜ਼ੁਕ ਹੈ। ਜੋ 17 ਬਲਾਕ ਸੁਰੱਖਿਅਤ ਹਨ ਉਨ੍ਹਾਂ ਵਿੱਚੋਂ ਬਹੁਤੇ ਉਹ ਹਨ ਜਿੱਥੇ ਧਰਤੀ ਹੇਠਲਾ ਪਾਣੀ ਖਾਰਾ ਹੋਣ ਕਰਕੇ ਵਰਤੋਂ ਯੋਗ ਨਹੀਂ ਹੈ।

ਪੰਜਾਬ ਦਾ ਮੂਲ ਦਾਅਵਾ

ਦਰਿਆਈ ਪਾਣੀਆਂ ਦੇ ਮਾਮਲੇ ਵਿੱਚ ਪੰਜਾਬ ਦਾ ਮੂਲ ਦਾਅਵਾ ਤਟਵਰਤੀ ਰਾਜ ਹੋਣ ਦੇ ਨਾਤੇ ਪਾਣੀਆਂ ਦੀ ਵਰਤੋਂ ਦੇ ਮੌਲਿਕ ਹੱਕਦਾਰ ਹੋਣ ਦਾ ਹੈ। ਸਿਆਸੀ ਪੱਖੋਂ ਗੱਲ ਕਰੀਏ ਤਾਂ ਪੰਜਾਬ ਦੀ ਇਹ ਤਰਾਸਦੀ ਰਹੀ ਹੈ ਕਿ ਸੂਬੇ ਦੀ ਸਿਆਸੀ ਜਮਾਤ ਹਮੇਸ਼ਾ ਵਕਤੀ ਪੈਂਤੜੇਬਾਜ਼ੀ ਵੱਲ ਵੱਧ ਰੁਚਿਤ ਰਹੀ ਹੈ। ਭਾਵੇਂ ਉਹ ਪਹਿਲਾਂ ਹੋਏ ਕਥਿਤ ਸਮਝੌਤੇ ਹੋਣ, ਜਾਂ 2004 ਦਾ ਸਮਝੌਤੇ ਰੱਦ ਕਰਨ ਵਾਲਾ ਕਾਨੂੰਨ, 2016 ਦਾ ਸਤਲੁਜ-ਯਮੁਨਾ ਲਿੰਕ ਨਹਿਰ ਦੀ ਜ਼ਮੀਨ ਕਿਸਾਨਾਂ ਨੂੰ ਵਾਪਿਸ ਕਰਨ ਦਾ ਫੈਸਲਾ ਜਾਂ

ਜੇ ਵਿਕਾਸ ਸਹੀ ਅਰਥਾਂ ਵਿੱਚ ਸਮਾਵੇਸ਼ੀ ਨਹੀਂ ਹੈ ਤਾਂ ਉਹ ਤਰੱਕੀ ਨਹੀਂ, ਸਗੋਂ ਕਾਨੂੰਨੀ ਤੌਰ 'ਤੇ ਜਾਇਜ਼ ਕਰਾਰ ਦਿੱਤੀ ਗਈ ਬੇਦਖ਼ਲੀ ਹੈ । ਰਾਜ ਨੂੰ ਅਜਿਹੀਆਂ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਜੋ ਵਿਕਾਸ ਤੇ ਸਮਾਨਤਾ ਵਿੱਚ ਸੰਤੁਲਨ ਬਣਾਉਣ, ਛੋਟੀ ਖੇਤੀਬਾੜੀ ਦੀ ਉਤਪਾਦਕਤਾ ਵਧਾਉਣ, ਸਥਾਨਕ ਅਰਥਵਿਵਸਥਾ ਨੂੰ ਮਜ਼ਬੂਤ ਕਰਨ ।

ਪ੍ਰੋ. ਨਵਰੀਤ ਕੌਰ
ਲੋਕ ਪ੍ਰਸ਼ਾਸਨ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

ਵਿਕਾਸ ਨੂੰ ਆਮ ਤੌਰ 'ਤੇ ਤਰੱਕੀ, ਵਾਧੇ ਅਤੇ ਸਮਾਜਿਕ ਸੁਧਾਰ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਅੱਜ ਵਿਕਾਸ ਦਾ ਅਰਥ ਸੁੰਗੜ ਕੇ ਸਿਰਫ਼ ਜੀ ਡੀ ਪੀ ਵਿੱਚ ਵਾਧੇ, ਬੁਨਿਆਦੀ ਢਾਂਚੇ ਦੇ ਵਿਸਥਾਰ ਅਤੇ ਉਦਯੋਗਿਕ ਉਤਪਾਦਕਤਾ ਤੱਕ ਰਹਿ ਗਿਆ ਹੈ । ਇਸ ਤਰ੍ਹਾਂ ਦਾ ਸੀਮਿਤ ਨਜ਼ਰੀਆ ਮਨੁੱਖੀ ਵਿਕਾਸ ਅਤੇ ਸਮਾਜਿਕ ਨਿਆਂ ਨੂੰ ਹਾਸ਼ੀਏ 'ਤੇ ਧੱਕ ਦਿੰਦਾ ਹੈ । 'ਟ੍ਰਿਲੀਅਨ ਅਰਥਵਿਵਸਥਾ' ਦੀ ਗੂੰਜ ਹੇਠ ਗਰੀਬੀ ਦੀ ਤਲਖ਼ ਹਕੀਕਤ ਜਾਣ-ਬੁੱਝ ਕੇ ਦਬਾ ਦਿੱਤੀ ਜਾਂਦੀ ਹੈ ।

ਵਿਕਾਸ ਦਾ ਹੀ ਇੱਕ ਅਹਿਮ ਪਹਿਲੂ ਹੈ ਨਿਰਮਾਣ ਅਤੇ ਨਿਰਮਾਣ ਲਈ ਲੋੜੀਂਦੀ ਜ਼ਮੀਨ ਸਰਕਾਰ ਅਕਸਰ ਉੱਥੇ ਵਸਣ ਵਾਲੇ ਲੋਕਾਂ ਨੂੰ ਮੁਆਵਜ਼ਾ ਦੇ ਕੇ ਆਪਣੇ ਅਖ਼ਤਿਆਰ ਹੇਠ ਲੈਂਦੀ ਹੈ, ਪਰ ਵਿਕਾਸ ਦੀ ਪਰਿਭਾਸ਼ਾ ਕੁਝ ਇਸ ਤਰ੍ਹਾਂ ਬਣਾ ਦਿੱਤੀ ਗਈ ਹੈ ਕਿ ਅੱਜ ਦੇ ਸਮੇਂ ਵਿੱਚ ਜਬਰੀ ਲੋਕਾਂ ਤੋਂ ਉਨ੍ਹਾਂ ਦੀਆਂ ਜ਼ਮੀਨਾਂ ਖੋਹਣ ਨੂੰ ਵੀ ਜਾਇਜ਼ ਠਹਿਰਾਇਆ ਜਾ ਰਿਹਾ ਹੈ । ਇਸ਼ਤਿਹਾਰ ਅਤੇ ਸਰਕਾਰੀ ਦਾਅਵੇ ਹਰ ਪ੍ਰਾਜੈਕਟ ਨੂੰ ਲੋਕ ਹਿੱਤ ਵਿੱਚ ਦੱਸਦੇ ਹਨ ਜਦੋਂਕਿ ਇਸ ਵਿਕਾਸ ਦੀ ਅਸਲ ਕੀਮਤ ਵੱਡੀ ਗਿਣਤੀ ਕਿਸਾਨਾਂ ਤੇ ਕਬਾਇਲੀਆਂ ਨੂੰ ਚੁਕਾਉਣੀ ਪੈ ਰਹੀ ਹੈ। ਇਹ ਸਭ ਕੁਝ ਰਾਜਨੀਤਕ ਰਣਨੀਤੀ ਦਾ ਹੀ ਨਤੀਜਾ ਹੈ ।

ਦੇਸ਼ ਭਰ ਵਿੱਚ ਸਪੈਸ਼ਲ ਇਕਨੋਮਿਕ ਜ਼ੋਨਜ਼ (ਐੱਸ ਈ ਜ਼ੈੱਡ), ਉਦਯੋਗਿਕ ਕੋਰੀਡੋਰ, ਲੈਂਡ ਪੂਲਿੰਗ ਅਤੇ ਸ਼ਹਿਰੀ ਪ੍ਰਾਜੈਕਟਾਂ ਦੇ ਨਾਮ 'ਤੇ ਜ਼ਮੀਨ ਹਾਸਲ ਕੀਤੀ ਜਾ ਰਹੀ ਹੈ। ਇਸ ਨਾਲ ਆਮਦਨ ਦੇ ਸਰੋਤ ਖ਼ਤਮ ਹੁੰਦੇ ਹਨ ਤੇ ਵੱਡੇ ਪੱਧਰ 'ਤੇ ਵਿਸਥਾਪਨ ਹੁੰਦਾ ਹੈ । ਇਹ ਸ਼ਾਸਨ ਦੀ ਨਾਕਾਮੀ ਹੈ ਕਿਉਂਕਿ ਸਟੇਟ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਿੱਚ ਅਸਫ਼ਲ ਰਹਿੰਦੀ ਹੈ ।

ਲੈਂਡ ਕੌਨਫ਼ਲਿਕਟ ਵਾਚ ਵੱਲੋਂ ਜ਼ਮੀਨ ਅਧਿਗ੍ਰਹਿਣ ਦੇ 809 ਕੇਸਾਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਦਾ ਹਿੱਸਾ ਸਭ ਤੋਂ ਵੱਧ (42 ਫ਼ੀਸਦੀ) ਹੈ, ਇਸ ਤੋਂ ਬਾਅਦ ਜ਼ਮੀਨ ਦੀ ਵਰਤੋਂ ਅਤੇ ਸੰਭਾਲ ਤੇ ਜੰਗਲਾਤ (15 ਫ਼ੀਸਦੀ ਹਰੇਕ), ਉਦਯੋਗ (11 ਫ਼ੀਸਦੀ) ਅਤੇ ਬਿਜਲੀ (10 ਫ਼ੀਸਦੀ) ਦਾ ਨੰਬਰ ਆਉਂਦਾ ਹੈ । ਇਹ ਵੰਡ ਦਰਸਾਉਂਦੀ ਹੈ ਕਿ ਕਿਵੇਂ ਬੁਨਿਆਦੀ ਢਾਂਚੇ ਦੀ ਅਗਵਾਈ ਵਾਲਾ ਵਿਕਾਸ ਅਤੇ ਸਰੋਤਾਂ ਦੀ ਅੰਨ੍ਹੀ ਵਰਤੋਂ ਵਿਵਾਦ ਦੇ ਮੁੱਖ ਕਾਰਨ ਬਣਦੇ ਹਨ । ਇਹ ਵਿਵਾਦ ਜ਼ਮੀਨ ਦੀ ਵੰਡ ਵਿੱਚ ਤਬਦੀਲੀਆਂ, ਜੰਗਲਾਂ ਦੀ ਸੰਭਾਲ ਦੇ ਯਤਨਾਂ ਅਤੇ ਸਥਾਨਕ ਵਸੋਂ ਦੇ ਉਜਾੜੇ ਕਾਰਨ ਪੈਦਾ ਹੁੰਦੇ ਹਨ ।

ਸੈਂਟਰ ਫੌਰ ਪਾਲਿਸੀ ਰਿਜ਼ਰਵ (ਸੀ ਪੀ ਆਰ) ਵੱਲੋਂ ਕੀਤੇ ਗਏ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਕੁੱਲ 1,269 ਮਾਮਲਿਆਂ ਵਿੱਚ, ਜਿਨ੍ਹਾਂ 'ਤੇ ਅਦਾਲਤੀ ਕਾਰਵਾਈ ਚੱਲ ਰਹੀ ਸੀ, ਜ਼ਮੀਨ ਅਧਿਗ੍ਰਹਿਣ ਨੂੰ 15 ਕੇਂਦਰੀ ਅਤੇ 87 ਰਾਜ ਪੱਧਰੀ ਕਾਨੂੰਨਾਂ ਤਹਿਤ ਚੁਣੌਤੀ ਦਿੱਤੀ ਗਈ ਹੈ । ਇਸ ਅਧਿਐਨ ਵਿੱਚ ਇਹ ਵੀ ਪਤਾ ਲੱਗਿਆ ਹੈ ਕਿ ਇਨ੍ਹਾਂ ਵਿੱਚੋਂ 87 ਫ਼ੀਸਦੀ ਤੋਂ ਵੱਧ ਵਿਵਾਦ ਖੁਦ ਲੈਂਡ ਐਕੁਜ਼ੀਸ਼ਨ ਐਕਟ 2013 ਤਹਿਤ ਹੀ ਦਰਜ ਕੀਤੇ ਗਏ ਹਨ । ਆਮ ਤੌਰ 'ਤੇ ਇਸ ਨੂੰ LARR 2013 ਵਜੋਂ ਜਾਣਿਆ ਜਾਂਦਾ ਹੈ । ਵੱਖ-ਵੱਖ ਸੂਬਿਆਂ ਵਿੱਚੋਂ ਪ੍ਰਾਪਤ ਨਤੀਜਿਆਂ ਨੇ ਲੰਮੇ ਸਮੇਂ ਤੱਕ ਚੱਲਣ ਵਾਲੀ ਮੁਕੱਦਮੇਬਾਜ਼ੀ ਨੂੰ ਉਜਾਗਰ ਕੀਤਾ ਅਤੇ ਇਹ ਦਰਸਾਇਆ ਕਿ ਕੁੱਲ ਮਾਮਲਿਆਂ ਵਿੱਚੋਂ 78 ਫ਼ੀਸਦੀ ਦਾ ਨਿਪਟਾਰਾ ਕਰਨ ਲਈ ਲਗਪਗ ਪਿਛਲੇ ਢਾਈ ਦਹਾਕੇ ਲੱਗ ਗਏ । ਇਹ ਵੀ ਸਾਹਮਣੇ ਆਇਆ ਕਿ ਜ਼ਮੀਨ ਅਧਿਗ੍ਰਹਿਣ ਦੇ ਨੋਟੀਫਿਕੇਸ਼ਨ ਅਤੇ ਹਾਈ ਕੋਰਟ ਦੇ ਫ਼ੈਸਲੇ ਵਿਚਕਾਰ ਔਸਤ ਸਮਾਂ ਲਗਪਗ 15 ਸਾਲ ਸੀ, ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਵਿਚਕਾਰ ਔਸਤ ਸਮਾਂ 6 ਸਾਲ ਸੀ ਅਤੇ ਜ਼ਮੀਨ ਅਧਿਗ੍ਰਹਿਣ ਦੀ ਕਾਰਵਾਈ ਸ਼ੁਰੂ ਹੋਣ ਅਤੇ ਸੁਪਰੀਮ ਕੋਰਟ ਦੇ ਵਿਚਕਾਰ ਲੱਗਣ ਵਾਲਾ ਔਸਤ ਸਮਾਂ 20 ਸਾਲ ਸੀ ।

ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਸਰਕਾਰੀ ਤੰਤਰ ਅਕਸਰ ਵੱਡੀਆਂ ਕੰਪਨੀਆਂ ਦੇ ਪੱਖ ਵਿੱਚ ਝੁਕਦਾ ਦਿਖਾਈ ਦਿੰਦਾ ਹੈ । ਇਸ ਪ੍ਰਸੰਗ ਵਿੱਚ ਜਿੱਥੇ ਕਾਰਪੋਰੇਟ ਹਿੱਤਾਂ ਨੂੰ ਤਰਜੀਹ ਮਿਲਦੀ ਹੈ, ਉੱਥੇ ਛੋਟੇ ਕਿਸਾਨ ਆਪਣੇ ਅਧਿਕਾਰਾਂ ਲਈ ਲੰਮੀ ਤੇ ਮਹਿੰਗੀ ਕਾਨੂੰਨੀ ਲੜਾਈ ਲੜਨ ਲਈ ਮਜ਼ਬੂਰ ਹੋ ਜਾਂਦੇ ਹਨ ।

ਅਰਜੈਂਸੀ ਅਤੇ ਪਬਲਿਕ ਪਰਪਜ਼ ਵਰਗੀਆਂ ਧਾਰਾਵਾਂ ਦੀ ਵਿਆਪਕ ਵਿਆਖਿਆ ਕਰਕੇ ਕਾਨੂੰਨੀ ਪ੍ਰਕਿਰਿਆ ਨੂੰ ਅਕਸਰ ਉਲੰਘਿਆ ਗਿਆ ਹੈ । ਅਧਿਐਨ ਦਰਸਾਉਂਦੇ ਹਨ ਕਿ ਐੱਲ ਏ ਆਰ ਆਰ ਕਾਨੂੰਨ, 2013 ਵਿਚਲੇ ਇਹ ਪ੍ਰਾਵਧਾਨ ਕਈ ਵਾਰ ਰਾਜਨੀਤਿਕ ਅਤੇ ਕਾਰਪੋਰੇਟ ਹਿੱਤਾਂ ਦੀ ਪੂਰਤੀ ਲਈ ਵਰਤੇ ਜਾਂਦੇ ਹਨ । ਇਸ ਦੇ ਨਾਲ ਹੀ ਕਈ ਸੂਬਿਆਂ ਨੇ 2013 ਦੀ ਧਾਰਾ 254(2) ਤਹਿਤ ਆਪਣੇ ਕਾਨੂੰਨ ਬਣਾ ਕੇ ਐਕਟ ਦੇ ਮੁੱਢਲੇ ਸੁਰੱਖਿਆ ਪ੍ਰਾਵਧਾਨਾਂ ਨੂੰ ਕਮਜ਼ੋਰ ਵੀ ਕੀਤਾ ਹੈ ।

ਐੱਲ ਏ ਆਰ ਆਰ ਕਾਨੂੰਨ 2013 ਨੇ ਸਹਿਮਤੀ ਅਤੇ ਸਮਾਜਿਕ ਪ੍ਰਭਾਵ ਮੁਲਾਂਕਣ ਰਾਹੀਂ ਲੋਕਾਂ ਦੇ ਅਧਿਕਾਰਾਂ ਨੂੰ ਮਜ਼ਬੂਤੀ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰ ਪਿਛਲੇ ਦਹਾਕੇ ਦੌਰਾਨ ਸੂਬਾਈ ਸਰਕਾਰਾਂ ਨੇ ਇਨ੍ਹਾਂ ਪ੍ਰਾਵਧਾਨਾਂ ਨੂੰ ਕਮਜ਼ੋਰ ਕਰਕੇ ਉਨ੍ਹਾਂ ਦੀ ਅਹਿਮੀਅਤ ਲਗਭਗ ਖ਼ਤਮ ਕਰ ਦਿੱਤੀ ਹੈ । ਇਸ ਕਾਨੂੰਨ ਨੂੰ ਸੂਬਿਆਂ ਵੱਲੋਂ ਕਿਵੇਂ ਕਮਜ਼ੋਰ ਕੀਤੇ ਜਾਣ ਦੀਆਂ ਕੁਝ ਉਦਾਹਰਨਾਂ ਇਉਂ ਹਨ :

ਗੁਜਰਾਤ ਅਤੇ ਤੇਲੰਗਾਨਾ ਵਿੱਚ ਰਾਸ਼ਟਰੀ ਸੁਰੱਖਿਆ, ਉਦਯੋਗਿਕ ਕੋਰੀਡੋਰ ਅਤੇ ਪੀ ਪੀ ਪੀ ਵਰਗੇ ਵੱਡੇ ਪ੍ਰਾਜੈਕਟਾਂ ਨੂੰ ਸਹਿਮਤੀ ਅਤੇ ਸਮਾਜਿਕ ਪ੍ਰਭਾਵ ਮੁਲਾਂਕਣ ਤੋਂ ਛੋਟ ਦਿੱਤੀ ਗਈ ਹੈ । ਮਹਾਰਾਸ਼ਟਰ ਵਿੱਚ ਪੀ ਪੀ ਪੀ ਪ੍ਰਾਜੈਕਟਾਂ ਨੂੰ ਪੂਰੀ ਤਰ੍ਹਾਂ ਛੋਟ ਦਿੱਤੀ ਗਈ ਹੈ, ਜੋ ਕਾਰਪੋਰੇਟ ਪੱਖੀ ਰੁਝਾਨ ਨੂੰ ਦਰਸਾਉਂਦਾ ਹੈ । ਝਾਰਖੰਡ ਵਿੱਚ ਖਣਿਜ ਭਰਪੂਰ ਕਬਾਇਲੀ ਖੇਤਰਾਂ ਵਿੱਚ ਜ਼ਮੀਨ ਅਧਿਗ੍ਰਹਿਣ ਦੀ ਪ੍ਰਕਿਰਿਆ ਸੁਖਾਲੀ ਬਣਾਉਣ ਲਈ ਗ੍ਰਾਮ ਸਭਾ ਦੇ ਕੋਰਮ ਨੂੰ ਅੱਧੇ ਤੋਂ ਘਟਾ ਕੇ ਇੱਕ ਤਿਹਾਈ ਕਰ ਦਿੱਤਾ ਗਿਆ ਹੈ । ਇਸ ਤੋਂ ਇਲਾਵਾ, ਕਈ ਸੂਬਿਆਂ ਨੇ ਮੁਲਾਂਕਣ ਦੇ ਨਿਯਮਾਂ ਵਿੱਚ ਹੇਰਾਫੇਰੀ ਕਰਕੇ ਮੁਆਵਜ਼ਾ ਘਟਾ ਦਿੱਤਾ ਹੈ ।

ਇਸ ਦੇ ਨਾਲ ਹੀ ਇੱਕ ਹੋਰ ਵੱਡਾ ਮਸਲਾ ਹੈ ਅਣਵਰਤੀ ਜ਼ਮੀਨ ਵਾਪਸ ਨਾ ਕਰਨਾ । ਕਾਨੂੰਨ ਅਨੁਸਾਰ, ਜੋ ਜ਼ਮੀਨ ਵਰਤੀ ਨਾ ਜਾਵੇ ਤਾਂ ਉਹ ਮਾਲਕ ਨੂੰ ਵਾਪਸ ਮਿਲਣੀ ਚਾਹੀਦੀ ਹੈ, ਪਰ ਸੂਬੇ ਇਸ ਨੂੰ ਲੈਂਡ ਬੈਂਕਾਂ ਜਾਂ ਹੋਰ ਜਨਤਕ ਹਿੱਤਾਂ ਦੇ ਨਾਮ 'ਤੇ ਆਪਣੇ ਕੋਲ ਰੱਖ ਲੈਂਦੇ ਹਨ ।

ਇਹ ਸਾਰੀ ਪ੍ਰਕਿਰਿਆ ਇੱਕ ਵੱਡੇ ਆਰਥਿਕ ਮਾਡਲ ਨਾਲ ਜੁੜੀ ਹੋਈ ਹੈ, ਜਿੱਥੇ ਨਿੱਜੀ ਨਿਵੇਸ਼ ਨੂੰ ਵਧਾਉਣ ਲਈ ਸਸਤੀ ਜ਼ਮੀਨ, ਕੁਦਰਤੀ ਸਰੋਤ ਅਤੇ ਟੈਕਸ ਤੋਂ ਛੋਟ ਆਦਿ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ । ਨਤੀਜੇ ਵਜੋਂ ਕਾਨੂੰਨ ਦੀ ਅਸਲ ਨੀਅਤ ਤੇ ਉਦੇਸ਼ ਕਮਜ਼ੋਰ ਪੈ ਰਹੇ ਹਨ ਅਤੇ ਕਾਨੂੰਨ ਆਪਣੇ ਹੀ ਨਿਰਧਾਰਿਤ ਕੀਤੇ ਸੁਰੱਖਿਆ ਟੀਚਿਆਂ ਨੂੰ ਪੂਰਾ ਕਰਨ ਤੋਂ ਅਸਮਰੱਥ ਹੋ ਰਿਹਾ ਹੈ। ਇਸ ਪ੍ਰਕਿਰਿਆ ਰਾਹੀਂ ਹਾਸ਼ੀਆਕਰਨ ਨੂੰ ਨਾ ਸਿਰਫ਼ ਜਾਰੀ ਰੱਖਿਆ ਜਾ ਰਿਹਾ ਹੈ, ਸਗੋਂ ਉਸ ਨੂੰ ਕਾਨੂੰਨੀ ਢਾਲ ਅਤੇ ਜਾਇਜ਼ ਹੋਣ ਦੀ ਤਾਕਤ ਵੀ ਮਿਲ ਰਹੀ ਹੈ । ਮੌਜੂਦਾ ਵਿਕਾਸ ਮਾਡਲ ਨਿੱਜੀ ਨਿਵੇਸ਼ ਨੂੰ ਵਧਾਉਂਦਾ ਹੈ, ਜਿੱਥੇ ਜ਼ਮੀਨ ਅਤੇ ਸਰੋਤ ਸਬਸਿਡੀ ਦੇ ਰੂਪ ਵਿੱਚ ਦਿੱਤੇ ਜਾਂਦੇ ਹਨ। ਇਸ ਨਾਲ ਨਾਬਰਾਬਰੀ ਵਧਦੀ ਹੈ ।

ਵਿਕਾਸ ਅਤੇ ਵਿਸਥਾਪਨ ਦਾ ਰਿਸ਼ਤਾ ਗਹਿਰਾ ਅਤੇ ਅਸਮਾਨ ਹੈ, ਜਿਸ ਵਿੱਚ ਛੋਟੇ ਕਿਸਾਨ ਅਤੇ ਆਦਿਵਾਸੀ ਆਪਣੀ ਜ਼ਮੀਨ ਅਤੇ ਸਰੋਤ ਗੁਆਉਂਦੇ ਹਨ । ਵਿਸਥਾਪਨ ਤੋਂ ਭਾਵ ਸਿਰਫ਼ ਘਰਾਂ ਤੋਂ ਬੇਦਖਲ ਹੋਣਾ ਹੀ ਨਹੀਂ, ਸਗੋਂ ਰੁਜ਼ਗਾਰ ਦੇ ਸਰੋਤਾਂ ਦਾ ਖ਼ਤਮ ਹੋਣਾ ਅਤੇ ਵਾਤਾਵਰਨ ਦੇ ਨੁਕਸਾਨ ਦੇ ਰੂਪ ਵਿੱਚ ਵੀ ਹੁੰਦਾ ਹੈ । ਆਈ ਆਈ ਟੀ ਰੁੜਕੀ ਵੱਲੋਂ ਕੀਤੇ ਗਏ ਇੱਕ ਅਧਿਐਨ ਅਨੁਸਾਰ ਪਿਛਲੇ ਪੰਜ ਦਹਾਕਿਆਂ ਵਿੱਚ ਲਗਪਗ 5 ਕਰੋੜ ਲੋਕ ਉਜਾੜੇ ਗਏ ਹਨ । ਇਨ੍ਹਾਂ ਵਿੱਚੋਂ ਘੱਟੋ-ਘੱਟ 55 ਫ਼ੀਸਦੀ ਕਬਾਇਲੀ ਭਾਈਚਾਰੇ ਦੇ ਲੋਕ ਹਨ ।

ਵਿਸਥਾਪਨ ਪ੍ਰਤੀ ਪ੍ਰਸ਼ਾਸਨਿਕ ਤੰਤਰ ਦਾ ਲਾਪਰਵਾਹੀ ਗਾਲਾ ਰਵੱਈਆ ਦਰਸਾਉਂਦਾ ਹੈ ਕਿ ਅਖੌਤੀ ਵਿਕਾਸ ਦੀ ਕੀਮਤ ਕਬਾਇਲੀਆਂ ਅਤੇ ਛੋਟੇ ਕਿਸਾਨਾਂ ਵੱਲੋਂ ਹੀ ਚੁਕਾਈ ਜਾਂਦੀ ਹੈ । ਮੁਆਵਜ਼ੇ ਵਿੱਚ ਦੇਰੀ ਨਿਯਮ ਬਣ ਚੁੱਕੀ ਹੈ ਅਤੇ ਗੁਆਚੀ ਹੋਈ ਰੋਜ਼ੀ-ਰੋਟੀ ਦਾ ਸ਼ਾਇਦ ਹੀ ਕਦੇ ਮੁਆਵਜ਼ਾ ਦਿੱਤਾ ਗਿਆ ਹੋਵੇ । ਮੁੜਵਸੇਬਾ ਨਾ ਤਾਂ ਸਿਆਸੀ ਪਾਰਟੀਆਂ ਦੀ ਤਰਜੀਹ ਹੈ ਅਤੇ ਨਾ ਹੀ ਪ੍ਰਸ਼ਾਸਨਿਕ ਮਸ਼ੀਨਰੀ ਦੀ । ਇਹ ਪ੍ਰਕਿਰਿਆ ਕਾਨੂੰਨੀ ਤਰੀਕੇ ਨਾਲ ਜ਼ਮੀਨ ਨੂੰ ਕਿਸਾਨਾਂ ਤੋਂ ਲੈ ਕੇ ਕਾਰਪੋਰੇਟ ਹੱਥਾਂ ਵਿੱਚ ਦੇ ਦਿੰਦੀ ਹੈ । ਇਸ ਨਾਲ ਵਿਕਾਸ ਦੇ ਨਾਮ 'ਤੇ ਬੇਦਖ਼ਲੀ ਨੂੰ ਜਾਇਜ਼ ਬਣਾਇਆ ਜਾਂਦਾ ਹੈ ਜਦੋਂਕਿ ਅਸਲ ਵਿੱਚ ਇਹ ਗਰੀਬ ਤੋਂ ਅਮੀਰ ਵੱਲ ਸਰੋਤਾਂ ਦੀ ਨਵੀਂ ਵੰਡ ਹੈ । ਇਸ ਲਈ ਹੁਣ ਨੀਤੀ ਵਿੱਚ ਮੂਲਭੂਤ ਬਦਲਾਅ ਦੀ ਲੋੜ ਹੈ । ਵਿਕਾਸ ਨੂੰ ਸਿਰਫ਼ ਉਦਯੋਗੀਕਰਨ ਨਾਲ ਨਹੀਂ ਜੋੜਿਆ ਜਾ ਸਕਦਾ । ਜੋ ਵਿਕਾਸ ਸਹੀ ਅਰਥਾਂ ਵਿੱਚ ਸਮਾਵੇਸ਼ੀ ਨਹੀਂ ਹੈ ਤਾਂ ਉਹ ਤਰੱਕੀ ਨਹੀਂ, ਸਗੋਂ ਕਾਨੂੰਨੀ ਤੌਰ 'ਤੇ ਜਾਇਜ਼ ਕਰਾਰ ਦਿੱਤੀ ਗਈ ਬੇਦਖ਼ਲੀ ਹੈ । ਰਾਜ ਨੂੰ ਅਜਿਹੀਆਂ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਜੋ ਵਿਕਾਸ ਅਤੇ ਸਮਾਨਤਾ ਵਿੱਚ ਸੰਤੁਲਨ ਬਣਾਉਣ, ਛੋਟੀ ਖੇਤੀਬਾੜੀ ਦੀ ਉਤਪਾਦਕਤਾ ਵਧਾਉਣ, ਸਥਾਨਕ ਅਰਥਵਿਵਸਥਾ ਨੂੰ ਮਜ਼ਬੂਤ ਕਰਨ । ਮੂਲ ਰੂਪ ਵਿੱਚ ਅੱਜ ਸਮਾਜਿਕ ਨਿਆਂ ਨੂੰ ਕੇਂਦਰ ਵਿੱਚ ਰੱਖਣ ਵਾਲੀਆਂ ਨੀਤੀਆਂ ਦੀ ਲੋੜ ਹੈ ।

ਦੇਸ਼ ਭਰ ਵਿੱਚ ਸਪੈਸ਼ਲ ਇਕਨੋਮਿਕ ਜ਼ੋਨਜ਼ (ਐੱਸ ਈ ਜ਼ੈੱਡ), ਉਦਯੋਗਿਕ ਕੋਰੀਡੋਰ, ਲੈਂਡ ਪੂਲਿੰਗ ਅਤੇ ਸ਼ਹਿਰੀ ਪ੍ਰਾਜੈਕਟਾਂ ਦੇ ਨਾਮ 'ਤੇ ਜ਼ਮੀਨ ਹਾਸਲ ਕੀਤੀ ਜਾ ਰਹੀ ਹੈ । ਇਸ ਨਾਲ ਆਮਦਨ ਦੇ ਸਰੋਤ ਖ਼ਤਮ ਹੁੰਦੇ ਹਨ ਤੇ ਵੱਡੇ ਪੱਧਰ 'ਤੇ ਵਿਸਥਾਪਨ ਹੁੰਦਾ ਹੈ । ਇਹ ਸ਼ਾਸਨ ਦੀ ਨਾਕਾਮੀ ਹੈ ਕਿਉਂਕਿ ਸਟੇਟ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਿੱਚ ਅਸਫ਼ਲ ਰਹਿੰਦੀ ਹੈ ।

ਇਰਾਨ ਜੰਗ ਦਾ ਸੇਕ ਪੰਜਾਬ ਤੇ ਹਰਿਆਣਾ ਤੱਕ

ਤਰਨ ਤਾਰਨ ਜਾਂ ਰੋਹਤਕ ਦੇ ਕਿਸੇ ਕਿਸਾਨ ਜਾਂ ਬਿਹਾਰ ਜਾਂ ਉੱਤਰ ਪ੍ਰਦੇਸ਼ ਦੇ ਕਿਸੇ ਪਰਵਾਸੀ ਮਜ਼ਦੂਰ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਰਾਨ ਨਾਲ ਸ਼ੁਰੂ ਕੀਤਾ ਟਕਰਾਅ ਕਿਸੇ ਦਿਨ ਉਸ ਦੀ ਜ਼ਿੰਦਗੀ 'ਤੇ ਇੰਨਾ ਜ਼ਿਆਦਾ ਅਸਰ ਪਵੇਗਾ ਕਿ ਖਰਚੇ ਵੱਧਣ ਕਾਰਨ ਉਸ ਦਾ ਗੁਜ਼ਾਰਾ ਔਖਾ ਹੋ ਜਵੇਗਾ। ਫਿਰ ਵੀ ਇਸ ਤਲਖ਼ ਹਕੀਕਤ ਦਾ ਸਾਹਮਣਾ ਕਰਨਾ ਹੀ ਪੈਣਾ ਹੈ। ਚਾਹੇ ਇਜ਼ਰਾਈਲ ਅਤੇ ਅਮਰੀਕਾ, ਇਰਾਨ ਉੱਤੇ ਬੰਬ ਸੁੱਟਣਾ ਬੰਦ ਵੀ ਕਰ ਦੇਣ ਤਾਂ ਵੀ ਸੂਬਾਈ ਚੋਣਾਂ ਮਗਰੋਂ ਤੇਲ ਦੀਆਂ ਕੀਮਤਾਂ ਵਧਾਉਣ ਦੀ ਸੂਰਤ ਵਿੱਚ ਹਾਲਾਤ ਹੋਰ ਵਿਗੜਨ ਦੇ ਆਸਾਰ ਹਨ।

ਟਰੰਪ ਨੇ ਸਮੁੱਚੀ ਦੁਨੀਆ ਦੀ ਆਰਥਿਕਤਾ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਇਸ ਦਾ ਸੇਕ ਪੰਜਾਬ ਵਿੱਚ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਹਾਲਾਂਕਿ ਸਰਕਾਰ ਇਸ ਆਰਥਿਕ ਨੁਕਸਾਨ ਦੇ ਤੱਥਾਂ 'ਤੇ ਪਰਦਾਪੋਸ਼ੀ ਦੀ ਕੋਸ਼ਿਸ਼ ਕਰ ਰਹੀ ਹੈ। ਹੋਰਮੁਜ਼ ਜਲਡਮਰੂ ਬੰਦ ਹੋਣ ਕਰਕੇ ਤੇਲ ਅਤੇ ਗੈਸ ਬਾਜ਼ਾਰਾਂ ਵਿੱਚ ਭਾਰੀ ਉਥਲ-ਪੁਥਲ ਹੈ, ਜਿਸ ਦੇ ਸਿੱਟੇ ਵਜੋਂ ਮਹਿੰਗਾਈ ਵੱਧਣ ਦੇ ਨਾਲ-ਨਾਲ ਖੁਰਾਕੀ ਪਦਾਰਥਾਂ ਅਤੇ ਖਾਦ ਦੀ ਕਮੀ ਹੋ ਗਈ ਹੈ। ਭੁੱਖਮਰੀ ਦਾ ਖ਼ਤਰਾ ਮੰਡਰਾਉਣ ਲੱਗਾ ਹੈ। ਭਾਵੇਂ ਲੋੜੀਂਦੀ ਸਪਲਾਈ ਬਾਰੇ ਸਰਕਾਰ ਵੱਲੋਂ ਕਾਫ਼ੀ ਭਰੋਸੇ ਦਿੱਤੇ ਜਾ ਰਹੇ ਹਨ, ਪਰ ਫਿਰ ਵੀ ਇਹ ਸੰਕਟ ਸਾਡੇ ਦੇਸ਼ ਦੇ ਇੱਕ ਸ਼ਹਿਰ ਜਾਂ ਕਿਸੇ ਇਲਾਕੇ ਵਿੱਚ ਗੈਸ ਸਿਲੰਡਰਾਂ ਲਈ ਮੱਚੀ ਅਫੋ-ਧਾਪੀ ਜਾਂ ਪੈਟਰੋਲ ਤੇ ਡੀਜ਼ਲ ਲਈ ਲੱਗੀਆਂ ਲੰਮੀਆਂ ਕਤਾਰਾਂ ਤੱਕ ਹੀ ਸੀਮਤ ਨਹੀਂ ਸਗੋਂ ਇਸ ਤੋਂ ਵੀ ਵੱਡਾ ਖ਼ਦਸ਼ਾ ਸਮੁੱਚੇ ਮੁਲਕ ਵਿੱਚ ਆਰਥਿਕ ਮੰਦੀ, ਰੁਜ਼ਗਾਰ ਦੇ ਮੌਕੇ ਘਟਣ ਅਤੇ ਆਮਦਨ ਘਟਣ ਦਾ ਹੈ।

ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਦੇ ਸੱਤਾਧਾਰੀ ਨੇਤਾ ਵਿਸ਼ਵ ਪੱਧਰ 'ਤੇ ਵਧ ਰਹੀਆਂ ਤੇਲ ਕੀਮਤਾਂ ਦੇ ਸਿੱਟੇ ਵਜੋਂ ਵੱਧ ਰਹੀ ਜ਼ਮੀਖੋਰੀ ਅਤੇ ਮੁਨਾਫ਼ਾਖੋਰੀ 'ਤੇ ਕੁੰਡਾ ਰੱਖਣ, ਸਪਲਾਈ ਲੜੀ ਨੂੰ ਕਾਇਮ ਰੱਖਣ ਅਤੇ ਖ਼ਾਸਕਰ ਖੇਤੀਬਾੜੀ ਤੇ ਸਨਅਤਾਂ ਨੂੰ ਬਚਾਉਣ ਲਈ ਯੋਜਨਾਵਾਂ ਘੜਨ ਦੀ ਥਾਂ ਆਪਣਾ ਸਮਾਂ ਤੇ ਸ਼ਕਤੀ ਅਖ਼ਬਾਰਾਂ ਦੀਆਂ ਹਾਂ-ਪੱਖੀ ਸੁਰਖ਼ੀਆਂ ਬਣਾਉਣ 'ਤੇ ਲਗਾ ਰਹੇ ਹਨ। ਭਾਰਤ ਵੱਲੋਂ ਬਿਨਾਂ ਸੋਚੇ-ਸਮਝੇ ਆਪਣੇ ਪੁਰਾਣੇ ਅਤੇ ਸੱਚੇ ਦੋਸਤਾਂ ਇਰਾਨ ਅਤੇ ਰੂਸ ਦਾ ਸਾਥ ਛੱਡਣ ਅਤੇ ਇਰਾਨ ਉਤੇ ਹਮਲਾ ਕਰਨ ਵਾਲੇ ਦੇਸ਼ਾਂ ਅਮਰੀਕਾ ਅਤੇ ਇਜ਼ਰਾਈਲ ਦਾ ਪੱਖ ਲੈਣ ਕਾਰਨ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਦੇਸ਼ ਨੂੰ ਤੇਲ ਅਤੇ ਗੈਸ ਦੀ ਦਰਾਮਦ ਲਈ ਹੀ ਨਹੀਂ, ਸਗੋਂ ਖਾਦਾਂ ਅਤੇ ਖ਼ਾਸਕਰ ਨਾਈਟ੍ਰੋਜਨ-ਯੁਕਤ ਯੂਰੀਆ ਲਈ ਵੀ ਜ਼ਿਆਦਾ ਕੀਮਤ ਚੁਕਾਉਣੀ ਪੈ ਰਹੀ ਹੈ, ਜੋ ਦਰਾਮਦ ਕੀਤੀ ਜਾਂਦੀ ਕੁਦਰਤੀ ਗੈਸ ਤੋਂ ਬਣਾਈ ਜਾਂਦੀ ਹੈ। ਯੂਰੀਆ ਦਾ ਉਤਪਾਦਨ 30 ਫ਼ੀਸਦੀ ਤੱਕ ਘਟਣ ਦੀ ਸੰਭਾਵਨਾ ਹੈ। ਚੀਨ ਤੋਂ ਬਾਅਦ ਭਾਰਤ ਦੁਨੀਆਂ ਵਿੱਚ ਖਾਦ ਦਾ ਦੂਜਾ ਸਭ ਤੋਂ ਵੱਡਾ ਦਰਾਮਦਕਾਰ ਮੁਲਕ ਹੈ। ਸਪਲਾਈ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਦਾ ਮਤਲਬ ਹੈ : ਖੇਤੀ ਉਪਜ ਅਤੇ ਕਿਸਾਨੀ ਆਮਦਨ ਦਾ ਘਟਣਾ।

ਅਜਿਹੇ ਹਾਲਾਤ ਵਿੱਚ ਦੇਸ਼ ਦਾ 'ਅੰਨ ਭੰਡਾਰ' ਕਹਾਉਂਦੇ ਸੂਬਿਆਂ ਪੰਜਾਬ ਅਤੇ ਹਰਿਆਣਾ ਦੇ ਕਈ ਕਿਸਾਨਾਂ ਲਈ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਸਕਦਾ ਹੈ। ਕਰਜ਼ੇ ਮੋੜਨਾ ਹੋਰ ਵਧੇਰੇ ਮੁਸ਼ਕਿਲ ਹੋਣ ਦੇ ਨਾਲ-ਨਾਲ ਕਿਸਾਨੀ ਪਰਿਵਾਰਾਂ ਵਿੱਚ ਮਾਨਸਿਕ ਤਣਾਅ ਵੀ ਵਧ ਸਕਦਾ ਹੈ। ਜੇਕਰ ਘਰੇਲੂ ਗੈਸ (ਐੱਲ ਪੀ ਜੀ) ਸਿਲੰਡਰ ਨਾ ਮਿਲਣ ਕਾਰਨ ਪਰਵਾਸੀ ਮਜ਼ਦੂਰਾਂ ਦੇ ਆਪਣੇ ਜੱਦੀ ਸੂਬਿਆਂ ਨੂੰ ਪਰਤਣ ਦੇ ਰੁਝਾਨ ਨੂੰ ਠੱਲ੍ਹ ਨਾ ਪਾਈ ਜਾ ਸਕੀ ਤਾਂ ਇਹ ਰੁਝਾਨ ਵਧਣ ਕਾਰਨ ਦੋਵੇਂ ਰਾਜਾਂ ਵਿੱਚ ਕਣਕਾਂ ਦੀ ਵਾਢੀ ਅਤੇ ਝੋਨੇ ਦੀ ਲੁਆਈ 'ਤੇ ਮਾੜਾ ਅਸਰ ਪੈ ਸਕਦਾ ਹੈ। ਖਾਦ ਦੀ ਘਾਟ ਕਾਰਨ ਅਨਾਜ ਦੀ ਉਪਜ ਘਟੇਗੀ, ਜਿਸ ਨਾਲ ਖੁਰਾਕੀ ਵਸਤਾਂ ਦੀਆਂ ਕੀਮਤਾਂ ਵੱਧ ਜਾਣਗੀਆਂ। ਸਰਕਾਰੀ ਭਲਾਈ ਯੋਜਨਾਵਾਂ ਦੇ ਦਾਇਰੇ ਤੋਂ ਬਾਹਰ ਰਹਿ ਰਹੇ ਪਰਿਵਾਰਾਂ ਨੂੰ ਇਸ ਕਾਰਨ ਖ਼ਾਸ ਤੌਰ 'ਤੇ ਮੁਸ਼ਕਿਲ ਆਵੇਗੀ। ਸਰਕਾਰ ਵੱਲੋਂ ਖੁਰਾਕੀ ਵਸਤਾਂ ਅਤੇ ਖਾਦਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਦੀ ਰਕਮ ਬਹੁਤ ਵਧ ਜਾਵੇਗੀ। ਆਰਥਿਕ ਵਿਕਾਸ ਦੀ ਰਫ਼ਤਾਰ ਘਟਣ ਕਾਰਨ ਸਰਕਾਰੀ ਮਾਲੀਆ ਘਟਣ ਨਾਲ ਲੋਕ ਭਲਾਈ ਯੋਜਨਾਵਾਂ ਅਤੇ ਬੁਨਿਆਦੀ ਢਾਂਚੇ ਉੱਤੇ ਹੋਣ ਵਾਲੇ ਖ਼ਰਚ ਵਿੱਚ ਕਮੀ ਆਵੇਗੀ। ਮੱਧਵਰਗ ਦੀ ਆਮਦਨ ਜਾਂ ਤਾਂ ਸਥਿਰ ਹੋ ਜਾਵੇਗੀ ਜਾਂ ਫਿਰ ਘਟ ਜਾਵੇਗੀ। ਦਿਹਾੜੀਦਾਰ ਅਤੇ ਠੇਕਾ ਆਧਾਰਿਤ ਕਾਮਿਆਂ ਨੂੰ ਰੁਜ਼ਗਾਰ ਦੇ ਮੌਕੇ ਲੱਭਣੇ ਔਖੇ ਹੋ ਜਾਣਗੇ, ਜੋ 'ਰੁਜ਼ਗਾਰ ਯੋਜਨਾ' ਵਿੱਚ ਕੀਤੇ ਗਏ ਬਦਲਾਅ ਕਾਰਨ ਪਹਿਲਾਂ ਹੀ ਘਟ ਗਏ ਹਨ।

ਵਿਦੇਸ਼ੀ ਸੰਸਥਾਗਤ ਨਿਵੇਸ਼ਕ ਸ਼ੇਅਰ ਅਤੇ ਉਪਭੋਗਤਾ ਬਾਜ਼ਾਰਾਂ ਤੋਂ ਆਪਣਾ ਪੈਸਾ ਕੱਢ ਰਹੇ ਹਨ, ਜਿਸ ਕਾਰਨ ਰੁਪਏ ਦੀ ਕੀਮਤ ਡਿੱਗਦੀ ਜਾ ਰਹੀ ਹੈ। ਇਸ ਕਾਰਨ ਦਰਾਮਦੀ ਵਸਤਾਂ, ਵਿਦੇਸ਼ ਯਾਤਰਾ ਅਤੇ ਵਿਦੇਸ਼ ਵਿੱਚ ਪੜ੍ਹਾਈ ਦੇ ਬਹੁਤ ਮਹਿੰਗੇ ਹੋਣ ਦੇ ਆਸਾਰ ਹਨ। ਇਸ ਸਭ ਦੇ ਸਿੱਟੇ ਵਜੋਂ, ਜੀਵਨ ਮਿਆਰਾਂ 'ਤੇ ਬੁਰਾ ਪ੍ਰਭਾਵ ਪੈਣ ਕਾਰਨ ਨਾਬਰਾਬਰੀ ਅਤੇ ਸਮਾਜਿਕ ਚਿੰਤਾ ਵਧ ਸਕਦੀ ਹੈ, ਜੋ ਦੇਸ਼ ਵਿੱਚ ਸ਼ਾਂਤੀ ਤੇ ਸੁਖਾਵੇਂ ਮਾਹੌਲ 'ਤੇ ਬੁਰਾ ਅਸਰ ਪਾ ਸਕਦੀ ਹੈ।

ਆਲਮੀ ਅਤੇ ਕੌਮੀ ਪੱਧਰ 'ਤੇ ਬਣੀ ਅਤੇ ਡਰਾਉਣੀ ਸਥਿਤੀ ਖੇਤੀ ਖੇਡਾਂ ਦੇ ਸਾਮਾਨ ਦੀ ਬਰਾਮਦ ਜ਼ਿਆਦਾਤਰ ਹੋਰਮੁਜ਼ ਜਲਡਮਰੂ ਵੱਲੋਂ ਹੀ ਹੁੰਦੀ ਹੈ ਅਤੇ 60 ਲੱਖ ਟਨ ਸਾਮਾਨ ਬੰਦਰਗਾਹਾਂ 'ਤੇ ਹੀ ਅਟਕਿਆ ਪਿਆ ਹੈ। ਬੀਮੇ ਅਤੇ ਜਹਾਜ਼ਰਾਨੀ ਭਾੜੇ ਵਿੱਚ ਵੱਡਾ ਉਛਾਲ ਆਉਣ ਕਾਰਨ ਬਰਾਮਦਾਂ ਦੇ 50 ਫ਼ੀਸਦੀ ਘਟਣ ਦਾ ਖਦਸ਼ਾ ਹੈ। ਭੁਗਤਾਨ ਵਿੱਚ ਦੇਰੀ ਕਾਰਨ ਟੈਕਸਟਾਈਲ ਅਤੇ ਇੰਜੀਨੀਅਰਿੰਗ ਬਰਾਮਦਕਾਰ ਕਾਫ਼ੀ ਤੰਗਹਾਲੀ ਦਾ ਸਾਹਮਣਾ ਕਰ ਰਹੇ ਹਨ। ਇਸ ਤੋਂ ਪ੍ਰੇਸ਼ਾਨ ਬਰਾਮਦਕਾਰ ਚਾਹੁੰਦੇ ਹਨ ਕਿ ਕੇਂਦਰ ਸਰਕਾਰ ਭੁਗਤਾਨ ਲਈ ਵਟਾਂਦਰਾ ਪ੍ਰਣਾਲੀ ਲਾਗੂ ਕਰੇ ਜਿਵੇਂ ਕੱਚੇ ਤੇਲ ਬਦਲੇ ਬਾਸਮਤੀ ਚੌਲ।

ਇਸ ਦੇ ਬਾਵਜੂਦ ਇਸ ਸਥਿਤੀ ਦੀ ਭਿਆਨਕਤਾ ਵੀ ਪੰਜਾਬ ਦੀਆਂ ਵੱਖ-ਵੱਖ ਪਾਰਟੀਆਂ ਨੂੰ ਕੁੰਭਕਰਨੀ ਨੀਂਦ ਤੋਂ ਜਗਾ ਨਹੀਂ ਸਕੀ। ਸਿਰ 'ਤੇ ਮੰਡਰਾਉਂਦੇ ਖ਼ਤਰੇ ਦੇ ਬੱਦਲਾਂ ਨੂੰ ਨਜ਼ਰਅੰਦਾਜ਼ ਕਰਦਿਆਂ ਉਹ ਚੋਣਾਂ ਵਿੱਚ ਜਿੱਤ ਹਾਸਲ ਕਰਨ ਲਈ ਆਮ ਵਾਂਗ ਸਿਆਸਤ ਕਰ ਰਹੀਆਂ ਹਨ।

ਕਿਸੇ ਆਗੂ ਦੀ ਪਰਖ ਸੰਕਟ ਸਮੇਂ ਹੀ ਹੁੰਦੀ ਹੈ। ਪਿਛਲੇ ਸਾਲ ਪੰਜਾਬ ਵਿੱਚ ਹੜ੍ਹ ਆਏ ਸਨ ਤਾਂ ਭਾਜਪਾ ਦੇ ਕੁਝ ਮੰਤਰੀਆਂ ਨੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦਿਆਂ ਲੋਕਾਂ ਨਾਲ ਵਾਅਦੇ ਕੀਤੇ, ਜੋ ਹਾਲੇ ਪੂਰੇ ਕੀਤੇ ਜਾਣੇ ਹਨ। ਪ੍ਰਧਾਨ ਮੰਤਰੀ ਵੱਲੋਂ ਐਲਾਨੀ 1,600 ਕਰੋੜ ਰੁਪਏ ਦੀ ਰਾਹਤ ਰਾਸ਼ੀ ਦਾ ਅਜੇ ਵੀ ਇੰਤਜ਼ਾਰ ਹੈ। ਹੁਣ ਇੱਕ ਹੋਰ ਸੰਕਟ ਸਿਰ ਚੁੱਕ ਰਿਹਾ ਹੈ ਅਤੇ ਪੰਜਾਬ ਵਿੱਚ ਭਾਜਪਾ ਦੇ ਨੇਤਾ ਇਸ ਤੋਂ ਭੱਜ ਰਹੇ ਹਨ। ਇਸ ਔਖੀ ਘੜੀ ਵਿੱਚ ਵਿਰਲੇ ਆਗੂਆਂ ਨੇ ਹੀ ਬਰਾਮਦਕਾਰਾਂ ਨਾਲ ਰਾਬਤਾ ਕਾਇਮ ਕਰਨ ਦੀ ਜ਼ਹਿਮਤ ਉਠਾਈ ਹੈ।

ਸਮੱਸਿਆ ਇਹ ਹੈ ਕਿ ਦਿੱਲੀ ਵਿੱਚ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਕਿਸੇ ਵੀ ਮੁੱਦੇ 'ਤੇ ਪੰਜਾਬ ਭਾਜਪਾ ਦੇ ਆਗੂਆਂ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ ਅਤੇ ਨਾ ਹੀ ਕਿਸੇ ਮੁੱਦੇ 'ਤੇ ਇਨ੍ਹਾਂ ਦੀ ਰਾਏ ਲੈਂਦੀ ਹੈ। ਭਾਜਪਾ ਦੀਆਂ ਤਰਜੀਹਾਂ ਦੀ ਸੂਚੀ ਵਿੱਚ ਪੰਜਾਬ ਦਾ ਸਥਾਨ ਬਹੁਤ ਹੇਠਾਂ ਜਾਪਦਾ ਹੈ। ਇਸ ਲਈ ਭਾਜਪਾ ਆਗੂ ਮੀਡੀਆ ਦੀ ਸੁਰਖ਼ੀਆਂ ਵਿੱਚ ਰਹਿਣ ਲਈ ਹੋਰ ਢੰਗ-ਤਰੀਕੇ ਵਰਤਦੇ ਹਨ। ਇਸ ਲਈ ਉਹ ਇੱਕ ਅਦਾਕਾਰਾ ਦੇ ਪਤੀ ਦਾ ਸਿਆਸੀ ਰੁਤਬਾ ਘਟਾਏ ਜਾਣ ਬਾਰੇ ਜ਼ੋਰ-ਜ਼ੋਰ ਨਾਲ ਪ੍ਰਤੀਕਿਰਿਆ ਦੇ ਰਹੇ ਹਨ। ਇਸ ਦੇ ਨਾਲ ਹੀ ਉਹ ਚੰਡੀਗੜ੍ਹ ਸਥਿਤ ਭਾਜਪਾ ਦਫ਼ਤਰ ਦੇ ਬਾਹਰ ਹੋਏ ਧਮਾਕੇ ਦੇ ਮਸਲੇ 'ਤੇ ਭੜਕਦਿਆਂ ਇਸ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ, ਸ਼ਾਇਦ ਇਸ ਸਭ ਵਿੱਚ ਉਹ ਇਹ ਗੱਲ ਭੁੱਲ ਗਏ ਹਨ ਕਿ ਕਿਸੇ ਵੀ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਸ਼ਾਂਤੀ ਭੰਗ ਹੋਣ ਦੀ ਜ਼ਿੰਮੇਵਾਰੀ ਕੇਂਦਰ ਵਿੱਚ ਸੱਤਾਧਾਰੀ ਭਾਜਪਾ ਦੇ ਗ੍ਰਹਿ ਮੰਤਰੀ ਦੀ ਹੁੰਦੀ ਹੈ।

ਜਿੱਥੋਂ ਤੱਕ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਹੈ ਤਾਂ ਇਨ੍ਹਾਂ ਪਾਰਟੀਆਂ ਵਿੱਚ ਕੋਈ ਵੀ ਅਜਿਹਾ ਧੱਕੜ ਆਗੂ ਨਹੀਂ, ਜੋ ਕੇਂਦਰ ਸਰਕਾਰ ਨੂੰ ਕਿਸਾਨਾਂ ਅਤੇ ਬਰਾਮਦਕਾਰਾਂ ਦੇ ਮੁੱਦੇ 'ਤੇ ਜਵਾਬਦੇਹ ਬਣਾਵੇ। ਹੁਣ ਭਾਜਪਾ ਹਾਈਕਮਾਨ ਦੇ ਚਹੇਤੇ ਆਗੂਆਂ ਹਰਦੀਪ ਪੁਰੀ, ਰਵਨੀਤ ਸਿੰਘ ਬਿੱਟੂ, ਤਰਨਜੀਤ ਸਿੰਘ ਸੰਧੂ ਅਤੇ ਪਾਰਟੀ ਵਿੱਚ ਹਾਲ ਹੀ ਵਿੱਚ ਸ਼ਾਮਿਲ ਹੋਏ ਵਕੀਲ ਐੱਚ.ਐੱਸ. ਫੂਲਕਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਆਪਣਾ ਧਿਆਨ ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਇਲਾਵਾ ਪੰਜਾਬ 'ਤੇ ਵੀ ਤਵੱਜੋ ਦੇਣ ਲਈ ਪ੍ਰੇਰਿਤ ਕਰਦਿਆਂ ਘੱਟੋ-ਘੱਟ ਪੰਜਾਬ ਨੂੰ ਇਸ ਦਾ ਬਣਦਾ ਜਾਇਜ਼ ਹੱਕ ਦਿਵਾਉਣ ਦੀ ਕੋਸ਼ਿਸ਼ ਤਾਂ ਕਰਨ।

ਨਿਰਮਲ ਸੰਧੂ

> ਦੇਸ਼ ਦਾ 'ਅੰਨ ਭੰਡਾਰ' ਕਹਾਉਂਦੇ ਸੂਬਿਆਂ ਪੰਜਾਬ ਅਤੇ ਹਰਿਆਣਾ ਦੇ ਕਈ ਕਿਸਾਨਾਂ ਲਈ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਸਕਦਾ ਹੈ। ਕਰਜ਼ੇ ਮੋੜਨਾ ਹੋਰ ਵਧੇਰੇ ਮੁਸ਼ਕਿਲ ਹੋਣ ਦੇ ਨਾਲ-ਨਾਲ ਕਿਸਾਨੀ ਪਰਿਵਾਰਾਂ ਵਿੱਚ ਮਾਨਸਿਕ ਤਣਾਅ ਵੀ ਵਧ ਸਕਦਾ ਹੈ। ਜੇਕਰ ਘਰੇਲੂ ਗੈਸ (ਐੱਲ ਪੀ ਜੀ) ਸਿਲੰਡਰ ਨਾ ਮਿਲਣ ਕਾਰਨ ਪਰਵਾਸੀ ਮਜ਼ਦੂਰਾਂ ਦੇ ਆਪਣੇ ਜੱਦੀ ਸੂਬਿਆਂ ਨੂੰ ਪਰਤਣ ਦੇ ਰੁਝਾਨ ਨੂੰ ਠੱਲ੍ਹ ਨਾ ਪਾਈ ਜਾ ਸਕੀ ਤਾਂ ਇਹ ਰੁਝਾਨ ਵਧਣ ਕਾਰਨ ਦੋਵੇਂ ਰਾਜਾਂ ਵਿੱਚ ਕਣਕਾਂ ਦੀ ਵਾਢੀ ਅਤੇ ਝੋਨੇ ਦੀ ਲੁਆਈ 'ਤੇ ਮਾੜਾ ਅਸਰ ਪੈ ਸਕਦਾ ਹੈ। ਖਾਦ ਦੀ ਘਾਟ ਕਾਰਨ ਅਨਾਜ ਦੀ ਉਪਜ ਘਟੇਗੀ, ਜਿਸ ਨਾਲ ਖੁਰਾਕੀ ਵਸਤਾਂ ਦੀਆਂ ਕੀਮਤਾਂ ਵੱਧ ਜਾਣਗੀਆਂ। ਖਾਦ ਦੀ ਘਾਟ ਕਾਰਨ ਅਨਾਜ ਦੀ ਉਪਜ ਘਟੇਗੀ, ਜਿਸ ਨਾਲ ਖੁਰਾਕੀ ਵਸਤਾਂ ਦੀਆਂ ਕੀਮਤਾਂ ਵੱਧ ਜਾਣਗੀਆਂ।

> ਹਾਲੀਆ ਬਜਟ ਤੋਂ ਖੁਲਾਸਾ ਹੋਇਆ ਹੈ ਕਿ ਪੰਜਾਬ ਦੀ ਵਿਕਾਸ ਦਰ 6.1 ਫ਼ੀਸਦੀ ਹੈ, ਜੋ ਕੌਮੀ ਔਸਤ ਤੋਂ ਘੱਟ ਹੈ। ਜੇਕਰ ਅਰਥਚਾਰਾ ਇਸੇ ਤਰ੍ਹਾਂ ਲੜਖੜਾਉਂਦਾ ਰਿਹਾ ਤਾਂ ਸੂਬੇ ਦੀ ਵਿੱਤੀ ਹਾਲਤ ਹੋਰ ਵੀ ਨਿਘਰਨ ਕਾਰਨ ਦਬਾਅ ਵੱਧ ਸਕਦਾ ਹੈ। ਜੇਕਰ ਪੱਛਮੀ ਏਸ਼ੀਆ ਵਿਚਲਾ ਟਕਰਾਅ ਹੋਰ ਲੰਮਾ ਸਮਾਂ ਜਾਰੀ ਰਹਿੰਦਾ ਹੈ ਤਾਂ ਹਾਲ ਹੀ ਵਿੱਚ ਹੋਏ 'ਨਿਵੇਸ਼ਕ ਸੰਮੇਲਨ' ਦੌਰਾਨ ਬਣਾਈਆਂ ਗਈਆਂ 55,000 ਕਰੋੜ ਰੁਪਏ ਦੇ ਨਿਵੇਸ਼ ਦੀਆਂ ਤਜਵੀਜ਼ਾਂ ਕਿਧਰੇ ਕਾਗਜ਼ਾਂ ਤੱਕ ਵੀ ਮਹਿਦੂਦ ਨਾ ਰਹਿ ਜਾਣ।

ਪੰਜਾਬ ਦਾ ਵਧਦਾ ਜਲ ਸੰਕਟ

ਅਸ਼ਵਨੀ ਚਤਰਥ

ਪਿਛਲੇ ਦਿਨੀਂ ਸਾਲ 2025 ਦੀ ਕੇਂਦਰੀ ਗਰਾਊਂਡ ਵਾਟਰ ਬੋਰਡ ਵੱਲੋਂ ਸਾਲਾਨਾ ਗਰਾਊਂਡ ਵਾਟਰ ਕੁਆਲਿਟੀ ਰਿਪੋਰਟ ਪੇਸ਼ ਕੀਤੀ ਗਈ ਸੀ । ਇਸ ਵਿੱਚ ਦੇਸ਼ ਦੇ ਬਾਕੀ ਹਿੱਸਿਆਂ ਦੀ ਤਰ੍ਹਾਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਦੇ ਪਾਣੀ ਦੀ ਕੁਆਲਿਟੀ ਦੇ ਅੰਕੜੇ ਪੇਸ਼ ਕੀਤੇ ਗਏ ਹਨ । ਪੰਜਾਬ ਦੇ ਕਈ ਇਲਾਕਿਆਂ ਵਿੱਚ ਪਾਣੀ ਵਿੱਚ ਫਲੋਰਾਈਡ ਦੀ ਮਾਤਰਾ 10.40 ਮਿਲੀਗ੍ਰਾਮ ਪ੍ਰਤੀ ਲੀਟਰ ਤੱਕ ਵੇਖੀ ਗਈ ਹੈ, ਜਦੋਂਕਿ ਮਾਹਿਰਾਂ ਮੁਤਾਬਿਕ ਮਿਆਰੀ ਪੈਮਾਨੇ ਅਨੁਸਾਰ ਇਸ ਦੀ ਮਾਤਰਾ 1.5 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਘੱਟ ਹੋਣੀ ਚਾਹੀਦੀ ਹੈ । ਇਸੇ ਤਰ੍ਹਾਂ ਨਾਈਟ੍ਰੇਟਸ ਦੀ ਮਾਤਰਾ 45 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਘੱਟ ਹੋਣੀ ਚਾਹੀਦੀ ਹੈ, ਜਦੋਂਕਿ ਕਈ ਥਾਈਂ ਇਸ ਦੀ ਮਾਤਰਾ 260 ਅਤੇ ਕਈ ਹੋਰ ਥਾਈਂ ਇਹ 290 ਤੱਕ ਵੀ ਵੇਖੀ ਗਈ ਹੈ । ਯੂਰੇਨੀਅਮ ਦੀ ਮਾਤਰਾ ਮਿਆਰੀ ਪੈਮਾਨੇ 'ਤੇ 30 ਹਿੱਸੇ ਪ੍ਰਤੀ ਬਿਲੀਅਨ ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ । ਪੰਜਾਬ ਵਿੱਚ ਇਸ ਦੀ ਮਾਤਰਾ 201.7 ਤੱਕ ਮਾਪੀ ਗਈ ਹੈ । ਇਸੇ ਤਰ੍ਹਾਂ ਆਰਸੈਨਿਕ ਦੀ ਮਾਤਰਾ 10 ਹਿੱਸੇ ਪ੍ਰਤੀ ਬਿਲੀਅਨ ਹੋਣੀ ਚਾਹੀਦੀ ਹੈ, ਜਦੋਂਕਿ ਪੰਜਾਬ ਵਿੱਚ ਇਸ ਦੀ ਮਾਤਰਾ 67.8 ਤੱਕ ਮਾਪੀ ਗਈ ਹੈ । ਮੈਗਨੀਜ਼ ਦੀ ਸਟੈਂਡਰਡ ਮਾਤਰਾ 0.3 ਮਿਲੀਗ੍ਰਾਮ ਪ੍ਰਤੀ ਲੀਟਰ ਤੋਂ ਘੱਟ ਦੱਸੀ ਗਈ ਹੈ, ਪਰ ਪੰਜਾਬ ਦੇ ਪਾਣੀਆਂ ਵਿੱਚ ਇਸ ਦੀ ਮਾਤਰਾ 1.366 ਮਿਲੀਗ੍ਰਾਮ ਪ੍ਰਤੀ ਲੀਟਰ ਤੱਕ ਵੇਖੀ ਗਈ ਹੈ । ਲੈਡ ਭਾਵ ਸਿੱਕੇ ਦੀ ਮਾਤਰਾ ਇੱਕ ਲੀਟਰ 0.01 ਮਿਲੀਗ੍ਰਾਮ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ, ਜਦੋਂਕਿ ਪੰਜਾਬ ਵਿੱਚ ਇਸ ਦੀ ਮਾਤਰਾ 0.011 ਪਤਾ ਹੁੰਦੀ ਹੈ ।

'ਨੈਸ਼ਨਲ ਇੰਸਟੀਚਿਊਟ ਫਾਰ ਟਰਾਂਸਫਾਰਮਿੰਗ ਇੰਡੀਆ' ਵੱਲੋਂ ਭਾਰਤ ਵਿੱਚ ਪਾਣੀ ਦੇ ਪ੍ਰਬੰਧਾਂ ਸੰਬੰਧੀ ਅੰਕੜਿਆਂ ਨੂੰ ਲੈ ਕੇ ਫਰਵਰੀ, 2024 ਵਿੱਚ ਛਾਪੀ ਗਈ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਦੇਸ਼ ਵਿੱਚ 60 ਕਰੋੜ ਲੋਕ ਪਾਣੀ ਦੀ ਗੰਭੀਰ ਕਿੱਲਤ ਝੱਲ ਰਹੇ ਹਨ । ਅਦਾਰੇ ਦਾ ਇਹ ਵੀ ਦ੍ਰਿੜ੍ਹ ਵਿਚਾਰ ਹੈ ਕਿ ਭਾਰਤ ਵਿੱਚ ਹਰ ਸਾਲ ਦੋ ਲੱਖ ਦੇ ਕਰੀਬ ਲੋਕ ਦੂਸ਼ਿਤ ਪਾਣੀ ਪੀਣ ਕਰਕੇ ਆਪਣੀ ਜਾਨ ਗੁਆ ਬੈਠਦੇ ਹਨ । ਅਮਰੀਕਾ ਦੀ ਯੇਲ ਯੂਨੀਵਰਸਿਟੀ ਵੱਲੋਂ 2022 ਵਿੱਚ ਗੰਦਾ ਪਾਣੀ ਪੀਣ ਨਾਲ ਹੁੰਦੀਆਂ ਮੌਤਾਂ ਦੀ ਤਿਆਰ ਕੀਤੀ ਗਈ 180 ਦੇਸ਼ਾਂ ਦੀ ਸੂਚੀ ਵਿੱਚ ਭਾਰਤ 14 ਵੇਂ ਸਥਾਨ 'ਤੇ ਆਉਂਦਾ ਹੈ । ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਾਡੇ ਦੇਸ਼ ਵਿੱਚ 70 ਫੀਸਦੀ ਲੋਕਾਂ ਵੱਲੋਂ ਪੀਣ ਲਈ ਦੂਸ਼ਿਤ ਪਾਣੀ ਹੀ ਵਰਤਿਆ ਜਾਂਦਾ ਹੈ । ਇੱਕ ਹੋਰ ਕੌਮਾਂਤਰੀ ਅਦਾਰੇ ਵੱਲੋਂ ਆਪਣੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ 2030 ਵਿੱਚ ਭਾਰਤ ਵਿੱਚ ਪਾਣੀ ਦੀ ਪੂਰਤੀ ਨਾਲੋਂ ਇਸ ਦੀ ਮੰਗ ਦੁੱਗਣੀ ਹੋ ਜਾਵੇਗੀ । ਪਾਣੀ ਦੀ ਇਹ ਕਿੱਲਤ ਲੋਕਾਂ ਦੀ ਆਮਦਨ ਉੱਤੇ ਵੀ ਮਾੜਾ ਅਸਰ ਪਾਏਗੀ, ਕਿਉਂਕਿ ਹਰ ਤਰ੍ਹਾਂ ਦੇ ਉਤਪਾਦਨ ਲਈ ਪਾਣੀ ਦੀ ਜ਼ਰੂਰਤ ਹੁੰਦੀ ਹੈ । ਇਸ ਨਾਲ ਸਾਡੇ ਦੇਸ਼ ਦੀ ਵਿਸ਼ਵ ਦੀ ਤੀਜੀ ਵੱਡੀ ਅਰਥ ਵਿਵਸਥਾ ਬਣਨ ਦੇ ਸੰਕਲਪ ਨੂੰ ਵੀ ਢਾਹ ਲੱਗ ਸਕਦੀ ਹੈ । ਸਮਝਣ ਦੀ ਲੋੜ ਹੈ ਕਿ ਜ਼ਮੀਨ ਹੇਠਲਾ ਪਾਣੀ ਹੀ ਸਾਡੀਆਂ ਜ਼ਿਆਦਾਤਰ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ । ਇੱਕ ਅਨੁਮਾਨ ਅਨੁਸਾਰ ਭਾਰਤ ਵਿੱਚ ਕੁੱਲ ਪਾਣੀ ਦੀ ਵਰਤੋਂ ਦਾ 70 ਫੀਸਦੀ ਪਾਣੀ ਖੇਤੀਬਾੜੀ ਲਈ, 19 ਫੀਸਦੀ ਉਦਯੋਗਾਂ ਲਈ ਅਤੇ 11 ਫੀਸਦੀ ਘਰੇਲੂ ਕੰਮਾਂ-ਕਾਰਾਂ ਲਈ ਵਰਤਿਆ ਜਾਂਦਾ ਹੈ । ਨਾਲ ਦੀ ਨਾਲ ਖੇਤੀ ਖੇਤਰ ਦੀ ਮਹੱਤਤਾ ਨੂੰ ਇਸ ਪਹਿਲੂ ਤੋਂ ਵੀ ਸਮਝਣ ਦੀ ਲੋੜ ਹੈ ਕਿ ਖੇਤੀ ਖੇਤਰ ਵਿੱਚ ਕੀਤਾ ਗਿਆ ਕਿਸੇ ਵੀ ਤਰ੍ਹਾਂ ਦਾ ਨਿਵੇਸ਼ ਭੋਜਨ ਸੁਰੱਖਿਆ ਕਾਨੂੰਨ ਨੂੰ ਲਾਗੂ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ । ਭਾਰਤ ਨੂੰ ਪਾਣੀ ਦੀ ਕਿੱਲਤ ਵਿੱਚ ਧਕੇਲਣ ਵਾਲੇ ਕਾਰਨਾਂ ਵਿੱਚ ਇੱਕ ਵੱਡਾ ਕਾਰਨ ਇਹ ਹੈ ਕਿ ਸਮੁੱਚੇ ਵਿਸ਼ਵ ਦੀ 18 ਫੀਸਦੀ ਆਬਾਦੀ ਇੱਥੇ ਵੱਸਦੀ ਹੈ, ਜਦੋਂਕਿ ਇੱਥੇ ਸੰਸਾਰ ਦੇ ਕੁੱਲ ਪਾਣੀ ਦੇ ਸੋਮਿਆਂ ਦਾ ਮਹਿਜ਼ 4 ਫੀਸਦੀ ਹੀ ਉਪਲੱਬਧ ਹੈ । ਇਸ ਤਰ੍ਹਾਂ ਦੇਸ਼ ਦੀ ਵੱਡੀ ਆਬਾਦੀ ਅਤੇ ਸੰਘਣੀ ਆਬਾਦੀ ਦੇਸ਼ ਦੇ ਜਲ ਸੰਕਟ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ ।

ਗੱਲ ਕਰੀਏ ਜੇਕਰ ਦੇਸ਼ ਵਿੱਚ ਪਾਣੀ ਦੀ ਸਥਿਤੀ ਦੀ, ਤਾਂ ਦੇਸ਼ ਦੇ ਜ਼ਿਆਦਾਤਰ ਹਿੱਸੇ ਗਰਮੀਆਂ ਦੀ ਰੁੱਤੇ ਪਾਣੀ ਦੇ ਗੰਭੀਰ ਸੰਕਟ ਵਿੱਚ ਰਹਿੰਦੇ ਹਨ । ਦੱਖਣੀ ਭਾਰਤ ਦੇ ਸ਼ਹਿਰ ਬੈਂਗਲੁਰੂ ਅਤੇ ਹੈਦਰਾਬਾਦ ਦੇਸ਼ ਦੇ ਤਕਨੀਕੀ ਪੱਖੋਂ ਅਤਿ ਵਿਕਸਿਤ ਇਲਾਕੇ ਹਨ । ਪਰ ਇਨ੍ਹਾਂ ਇਲਾਕਿਆਂ ਵਿੱਚ ਪਾਣੀ ਦੀ ਭਾਰੀ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ । ਇਹੋ ਜਿਹੇ ਵਿਕਾਸ ਨੂੰ ਵੀ ਕੀ ਕਰਨਾ ਜਿੱਥੇ ਆਦਮੀ ਨੂੰ ਜ਼ਿੰਦਗੀ ਦੀਆਂ ਆਪਣੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਰਸਣਾ ਪਵੇ ? ਪਿਛਲੇ ਸਮਿਆਂ ਵਿੱਚ ਇਨ੍ਹਾਂ ਸ਼ਹਿਰਾਂ ਵਿੱਚ ਪਾਣੀ ਦੀ ਕਿੱਲਤ ਦੀਆਂ ਖਬਰਾਂ ਦੇਸ਼ ਦੀਆਂ ਵੱਡੀਆਂ-ਵੱਡੀਆਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ । ਇਨ੍ਹਾਂ ਸ਼ਹਿਰਾਂ ਦਾ ਜ਼ਿਕਰ ਤਾਂ ਵੱਡੀ ਅਤੇ ਵਿਆਪਕ ਸਮੱਸਿਆ ਦਾ ਮਹਿਜ਼ ਇੱਕ ਛੋਟਾ ਜਿਹਾ ਚੋਣਵਾਂ ਦ੍ਰਿਸ਼ (ਟਰੇਲਰ) ਹੈ, ਅਸਲ ਵਿੱਚ ਸਮੁੱਚਾ ਕਰਨਾਟਕ, ਤੇਲੰਗਾਨਾ, ਕੇਰਲਾ, ਬਿਹਾਰ, ਝਾਰਖੰਡ ਅਤੇ ਪੂਰੇ ਮਹਾਰਾਸ਼ਟਰ ਸਮੇਤ ਕਈ ਅਜਿਹੇ ਹੋਰ ਇਲਾਕੇ ਹਨ, ਜਿਨ੍ਹਾਂ ਵਿੱਚ ਪਾਣੀ ਦੇ ਹਾਲਾਤ ਇਸੇ ਤਰ੍ਹਾਂ ਦੇ ਹਨ ਜਾਂ ਇਸ ਤੋਂ ਵੀ ਮਾੜੇ ਹਨ ।

ਸਿਆਣਿਆਂ ਦਾ ਕਹਿਣਾ ਹੈ ਕਿ ਰਾਹ ਚੱਲਦਿਆਂ ਜੇਕਰ ਆਪਣੇ ਤੋਂ ਅੱਗੇ ਵਾਲਾ ਕੋਈ ਆਦਮੀ ਚਿੱਕੜ ਵਿੱਚ ਡਿੱਗ ਪਵੇ ਤਾਂ ਆਪਣਾ ਰਾਹ ਬਦਲ ਲੈਣਾ ਚਾਹੀਦਾ ਹੈ, ਨਾ ਕਿ ਉਸ ਵਿੱਚ ਆਪ ਡਿੱਗ ਕੇ ਪਤਾ ਲਗਾਉਣਾ ਚਾਹੀਦਾ ਹੈ ਕਿ ਅੱਗੇ ਚਿੱਕੜ ਹੈ ਜਾਂ ਰਸਤਾ ਸਾਫ਼ ਹੈ । ਇਹੀ ਗੱਲ ਸਾਡੇ 'ਤੇ ਵੀ ਲਾਗੂ ਹੁੰਦੀ ਹੈ । ਜੇਕਰ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਪਾਣੀ ਦੇ ਹਾਲਾਤ ਮਾੜੇ ਹਨ ਤਾਂ ਸਾਨੂੰ ਆਪਣਾ ਪਾਣੀ ਮੁਕਾ ਕੇ ਨਹੀਂ, ਸਗੋਂ ਸਮਾਂ ਰਹਿੰਦੇ ਚੌਕੰਨੇ ਹੋ ਜਾਣਾ ਚਾਹੀਦਾ ਹੈ । ਸੰਯੁਕਤ ਰਾਸ਼ਟਰ ਸੰਗਠਨ ਦੀ 24 ਮਾਰਚ, 2023 ਨੂੰ ਆਯੋਜਿਤ ਹੋਈ ਵਾਟਰ ਕਾਨਫਰੰਸ ਦੀ ਰਿਪੋਰਟ ਵਿੱਚ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦੇ ਤੇਜ਼ੀ ਨਾਲ ਡੂੰਘੇ ਹੋਈ ਜਾਣ 'ਤੇ ਗੰਭੀਰ ਚਿੰਤਾ ਪ੍ਰਗਟਾਈ ਗਈ ਹੈ । ਗੱਲ ਕਰੀਏ ਜੇਕਰ ਪੰਜਾਬ ਵਿੱਚ ਬਾਕੀ ਬਚੇ ਪਾਣੀ ਦੀ ਤਾਂ ਨੈਸ਼ਨਲ ਗ੍ਰੀਨ ਟ੍ਰਾਈਬਿਊਨਲ ਦੀ ਜੂਨ 2022 ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਜ਼ਮੀਨ ਹੇਠਲਾ ਪਾਣੀ ਮਹਿਜ਼ ਅਗਲੇ 17 ਸਾਲਾਂ ਲਈ ਬਚਿਆ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਭੌਂ-ਵਿਭਾਗ ਨਾਲ ਜੁੜੇ ਵਿਗਿਆਨੀਆਂ ਵੱਲੋਂ ਦੱਸਿਆ ਗਿਆ ਹੈ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਹਰ ਸਾਲ 25 ਤੋਂ 30 ਸੈਂਟੀਮੀਟਰ ਹੇਠਾਂ ਜਾਈ ਜਾ ਰਿਹਾ ਹੈ । ਪੰਜਾਬ ਰਾਜ ਦੇ ਜ਼ਮੀਨ ਹੇਠਲੇ ਪਾਣੀ ਦੇ ਮਹਿਕਮੇ ਦੇ ਅੰਕੜੇ ਦੱਸਦੇ ਹਨ ਕਿ 1973 ਤੋਂ ਲੈ ਕੇ 1994 ਤੱਕ ਪੰਜਾਬ ਦੇ ਅੱਧੇ ਇਲਾਕੇ ਦਾ ਜ਼ਮੀਨ ਹੇਠਲਾ ਪਾਣੀ 16 ਮੀਟਰ ਡੂੰਘਾ ਜਾ ਚੁੱਕਾ ਸੀ । ਇੱਥੇ ਇਹ ਸਮਝਣ ਦੀ ਲੋੜ ਹੈ ਕਿ ਮੌਜੂਦਾ ਸਮੇਂ ਵਿੱਚ ਵੀ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 20 ਜ਼ਿਲ੍ਹਿਆਂ ਦਾ ਜ਼ਮੀਨ ਹੇਠਲਾ ਪਾਣੀ ਤੇਜ਼ੀ ਨਾਲ ਹੇਠਾਂ ਡਿੱਗ ਰਿਹਾ ਹੈ ।

ਪੰਜਾਬ ਦੇ ਪਾਣੀ ਦੀ ਇੱਕ ਹੋਰ ਗੰਭੀਰ ਮੁਸ਼ਕਿਲ ਸਾਹਮਣੇ ਆ ਰਹੀ ਹੈ, ਉਹ ਹੈ ਧਰਤੀ ਹੇਠਲੇ ਪਾਣੀ ਵਿੱਚ ਘੁਲੇ ਕੀਟਨਾਸ਼ਕਾਂ ਅਤੇ ਭਾਰੀਆਂ ਧਾਤੂਆਂ ਦੀ । ਖੇਤੀ ਵਿੱਚ ਵਰਤੇ ਜਾਂਦੇ ਕੀਟਨਾਸ਼ਕ ਵਰਗਦੇ ਪਾਣੀਆਂ ਨਾਲ ਰੁੜ੍ਹ ਕੇ ਜ਼ਮੀਨ ਹੇਠਲੇ ਪਾਣੀ ਵਿੱਚ ਜਾ ਮਿਲਦੇ ਹਨ । ਇੱਕ ਹੈਰਾਨੀਜਨਕ ਜਾਣਕਾਰੀ ਜੋ ਸਾਹਮਣੇ ਆਈ ਹੈ, ਉਹ ਹੈ ਕਿ ਪੰਜਾਬ ਵਿੱਚ ਵਰਤੇ ਜਾਂਦੇ ਕੁੱਲ ਕੀਟਨਾਸ਼ਕਾਂ ਵਿੱਚੋਂ ਤਿੰਨ-ਚੌਥਾਈ ਹਿੱਸੇ ਦੇ ਕੀਟਨਾਸ਼ਕ ਇਕੱਲੇ ਮਾਲਵਾ ਇਲਾਕੇ ਵਿੱਚ ਹੀ ਵਰਤ ਲਏ ਜਾਂਦੇ ਹਨ, ਇਸੇ ਕਰਕੇ ਇੱਥੇ ਕੈਂਸਰ ਦੇ ਕੇਸ ਵੀ ਜ਼ਿਆਦਾ ਹੁੰਦੇ ਹਨ । ਮਾਹਿਰਾਂ ਵੱਲੋਂ ਪਾਣੀ ਵਿੱਚ ਮਿਲਦੀਆਂ ਭਾਰੀਆਂ ਧਾਤੂਆਂ ਜਿਵੇਂ ਆਰਸੈਨਿਕ ਅਤੇ ਯੂਰੇਨੀਅਮ ਲਈ ਸ਼ਹਿਰੀਕਰਨ, ਉਦਯੋਗੀਕਰਨ ਅਤੇ ਸ਼ਹਿਰੀ ਨਿਰਮਾਣ ਕਾਰਜਾਂ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ । ਪਾਣੀ ਵਿੱਚ ਮਿਲਦੇ ਇਨ੍ਹਾਂ ਤੱਤਾਂ ਕਰਕੇ ਬੱਚਿਆਂ ਵਿੱਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਵੇਖੀਆਂ ਜਾ ਰਹੀਆਂ ਹਨ । ਉਨ੍ਹਾਂ ਦੇ ਕੱਦ ਨਹੀਂ ਵੱਧ ਰਹੇ ਅਤੇ ਵਾਲ ਵੀ ਝਿੰਟੇ ਹੋ ਰਹੇ ਹਨ । ਮਾਹਿਰਾਂ ਵੱਲੋਂ ਜਦੋਂ ਮੰਦਬੁੱਧੀ ਬੱਚਿਆਂ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਵਿੱਚ 80 ਫੀਸਦੀ ਬੱਚਿਆਂ ਵਿੱਚ ਯੂਰੇਨੀਅਮ ਦੀ ਮਾਤਰਾ ਖਤਰਨਾਕ ਪੱਧਰ ਤੱਕ ਪਾਈ ਗਈ ਸੀ । ਇੱਥੇ ਇਹ ਸਮਝਣ ਦੀ ਲੋੜ ਹੈ ਕਿ ਪਾਣੀ ਦੇ ਡਿੱਗਦੇ ਪੱਧਰ ਕਾਰਨ ਇਹ ਧਰਤੀ ਦੀਆਂ ਹੇਠਲੀਆਂ ਪਰਤਾਂ ਵਿੱਚੋਂ ਕੱਢਿਆ ਜਾ ਰਿਹਾ ਹੈ, ਜਿੱਥੇ ਕਿ ਇਨ੍ਹਾਂ ਜ਼ਹਿਰੀਲੇ ਤੱਤਾਂ ਦੀ ਪਹਿਲਾਂ ਹੀ ਜ਼ਿਆਦਾ ਮਾਤਰਾ ਹੈ ।

ਸੇਵਾ ਮੁਕਤ ਲੈਕਚਰਾਰ,
ਚੰਦਰ ਨਗਰ, ਬਟਾਲਾ
ਮੋ. 62842-20595

> ਗੱਲ ਕਰੀਏ ਜੇਕਰ ਦੇਸ਼ ਵਿੱਚ ਪਾਣੀ ਦੀ ਸਥਿਤੀ ਦੀ, ਤਾਂ ਦੇਸ਼ ਦੇ ਜ਼ਿਆਦਾਤਰ ਹਿੱਸੇ ਗਰਮੀਆਂ ਦੀ ਰੁੱਤੇ ਪਾਣੀ ਦੇ ਗੰਭੀਰ ਸੰਕਟ ਵਿੱਚ ਰਹਿੰਦੇ ਹਨ । ਦੱਖਣੀ ਭਾਰਤ ਦੇ ਸ਼ਹਿਰ ਬੈਂਗਲੁਰੂ ਅਤੇ ਹੈਦਰਾਬਾਦ ਦੇਸ਼ ਦੇ ਤਕਨੀਕੀ ਪੱਖੋਂ ਅਤਿ ਵਿਕਸਿਤ ਇਲਾਕੇ ਹਨ । ਪਰ ਇਨ੍ਹਾਂ ਇਲਾਕਿਆਂ ਵਿੱਚ ਪਾਣੀ ਦੀ ਭਾਰੀ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ ।

ਇੱਕ ਸਫਲ ਉੱਦਮੀ ਕਿਵੇਂ ਬਣੀਏ

ਇੱਕ ਸਫਲ ਉੱਦਮੀ ਉਹ ਹੁੰਦਾ ਹੈ ਜੋ ਕਿ ਸਿਰਫ਼ ਆਪਣੇ ਕਿੱਤੇ ਨੂੰ ਹੀ ਵਿਕਸਿਤ ਨਹੀਂ ਕਰਦਾ, ਸਗੋਂ ਸਮਾਜ ਲਈ ਵੀ ਰੁਜ਼ਗਾਰ ਪੈਦਾ ਕਰਦਾ ਹੈ । ਉੱਦਮਤਾ ਵਿੱਚ ਸਫ਼ਲਤਾ ਸਿਰਫ਼ ਮੁਨਾਫ਼ੇ ਦੁਆਰਾ ਨਹੀਂ, ਬਲਕਿ ਨਵੀਨਤਾ ਅਤੇ ਲਗਾਤਾਰ ਮਿਹਨਤ ਨਾਲ ਵੀ ਮਾਪੀ ਜਾਂਦੀ ਹੈ ।

ਇੱਕ ਸਫਲ ਉੱਦਮੀ ਬਣਨਾ ਇੱਕ ਵਾਰ ਦੀ ਪ੍ਰਾਪਤੀ ਨਹੀਂ ਹੈ, ਸਗੋਂ ਇਹ ਲਗਾਤਾਰ ਹੁਨਰ-ਨਿਰਮਾਣ ਅਤੇ ਅਮਲੀਕਰਨ ਦੀ ਯਾਤਰਾ ਹੈ । ਇੱਥੇ ਕੁੱਝ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਸਫ਼ਲ ਉੱਦਮੀ ਬਣਨ ਦੀ ਯਾਤਰਾ ਸ਼ੁਰੂ ਕੀਤੀ ਜਾ ਸਕਦੀ ਹੈ :-

★ **ਉਦੇਸ਼ ਸਪੱਸ਼ਟ ਰੱਖੋ** : ਆਪਣਾ ਉਦੇਸ਼ ਕਾਇਮ ਅਤੇ ਸਪੱਸ਼ਟ ਰੱਖੋ । ਪਿਛਲੇ ਕੰਮਾਂ ਤੋਂ ਮਿਲੀਆਂ ਅਸਫਲਤਾਵਾਂ ਨੂੰ ਸਬਕ ਵਜੋਂ ਦੇਖੋ, ਨਾ ਕਿ ਝਟਕਿਆਂ ਵਜੋਂ । ਜੋਖਮਾਂ ਤੋਂ ਨਾ ਬਚੋ, ਸਗੋਂ ਉਨ੍ਹਾਂ ਦਾ ਸਮਝਦਾਰੀ ਨਾਲ ਨਿਪਟਾਰਾ ਕਰੋ ।

★ **ਮੌਕਿਆਂ ਦੀ ਪਛਾਣ ਕਰੋ** : ਆਪਣੇ ਸਮਾਜ, ਕੰਮ ਜਾਂ ਰੋਜ਼ਾਨਾ ਜੀਵਨ ਵਿੱਚ ਉਹਨਾਂ ਸਮੱਸਿਆਵਾਂ ਦੀ ਭਾਲ ਕਰੋ ਜਿਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨ ਦੀ ਲੋੜ ਹੈ । ਆਪਣੇ ਆਸ ਪਾਸ ਦੇ ਬਜਾਰ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰੋ, ਤਾਂ ਜੋ ਤੁਸੀਂ ਬਜਾਰ ਦੇ ਹਾਲਾਤਾਂ ਬਾਰੇ ਜਾਣੂੰ ਹੋ ਸਕੇ ।

★ **ਆਪਣਾ ਹੁਨਰ ਵਿਕਸਤ ਕਰੋ** : ਇੱਕ ਸਫ਼ਲ ਉੱਦਮੀ ਬਣਨ ਲਈ ਕਿੱਤੇ ਸੰਬੰਧੀ ਹੁਨਰ ਵਿਕਸਿਤ ਕਰਨਾ ਜ਼ਰੂਰੀ ਹੈ । ਕਾਰੋਬਾਰੀ ਹੁਨਰ ਨੂੰ ਵਧਾਉਣ ਲਈ ਬਜਾਰ ਦੀ ਸੰਪੂਰਣ ਜਾਣਕਾਰੀ, ਦੂਸਰੇ ਉੱਦਮੀਆਂ ਨਾਲ ਗੱਲਬਾਤ ਕਰਨ ਦਾ ਢੰਗ ਅਤੇ ਲੀਡਰਸ਼ਿਪ ਦਾ ਗੁਣ ਹੋਣਾ ਬਹੁਤ ਜ਼ਰੂਰੀ ਹੈ । ਕਿੱਤੇ ਦੇ ਗਿਆਨ ਲਈ ਆਪਣੇ ਖੇਤਰ ਨੂੰ ਅੰਦਰੋਂ-ਬਾਹਰੋਂ ਜਾਣਨ ਦੀ ਕੋਸ਼ਿਸ਼ ਕਰੋ । ਕਿਸੇ ਵੀ ਕਿੱਤੇ ਦੀ ਸਫਲਤਾ ਲਈ ਕੰਮਾਂ ਤੋਂ ਇਲਾਵਾ, ਕੁੱਝ ਹੋਰ ਹੁਨਰ ਜਿਵੇਂ ਕਿ ਕਿਸੇ ਨਾਲ ਗੱਲ ਕਰਨ ਦਾ ਤਰੀਕਾ, ਮਾਰਕਿਟ ਨੈੱਟਵਰਕਿੰਗ, ਅਨੁਕੂਲਤਾ ਆਦਿ ਦਾ ਹੋਣਾ ਲਾਜ਼ਮੀ ਹੈ ।

★ **ਛੋਟੀ ਸ਼ੁਰੂਆਤ ਕਰੋ** : ਸ਼ੁਰੂਆਤ ਵਿੱਚ ਘੱਟ ਤੋਂ ਘੱਟ ਉਤਪਾਦ ਬਣਾ ਕੇ ਵੇਚੋ । ਗ੍ਰਾਹਕਾਂ ਤੋਂ ਆਪਣੇ ਨਵੇਂ ਉਤਪਾਦ ਸੰਬੰਧੀ ਫੀਡਬੈਕ ਇਕੱਠਾ ਕਰੋ ਅਤੇ ਉਤਪਾਦ ਨੂੰ ਉਸ ਅਨੁਕੂਲ ਬਣਾਉ ।

★ **ਸਫਲ ਉੱਦਮੀਆਂ ਨਾਲ ਗੱਲਬਾਤ ਕਰੋ** : ਆਪਣੇ ਆਪ ਨੂੰ ਇੱਕੋ ਜਿਹੀ ਸੋਚ ਵਾਲੇ ਲੋਕਾਂ ਅਤੇ ਹੋਰ ਉੱਦਮੀਆਂ ਨਾਲ ਜੋੜੋ । ਅਜਿਹੇ ਸਲਾਹਕਾਰ ਲੱਭੋ ਜੋ ਪਹਿਲਾਂ ਹੀ ਆਪਣੇ ਕਿੱਤੇ ਵਿੱਚ ਸਫਲ ਹੋ ਚੁੱਕੇ ਹੋਣ ।

★ **ਗ੍ਰਾਹਕ ਦੀਆਂ ਮੰਗਾਂ ਦਾ ਧਿਆਨ ਰੱਖੋ** : ਮਾਰਕੀਟ ਦੀਆਂ ਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ, ਉਨ੍ਹਾਂ ਲਈ ਹਮੇਸ਼ਾ ਤਿਆਰ ਰਹੋ । ਆਪਣੇ ਕੰਮ ਦੀ ਗਤੀ ਗੁਆਏ ਬਿਨਾਂ ਘਾਟਿਆਂ ਅਤੇ ਅਸਫਲਤਾਵਾਂ ਤੋਂ ਸਿੱਖਿਆ ਲਵੋ ।

★ **ਨਿਰੰਤਰ ਕਿੱਤਾ ਮੁੱਖੀ ਸਿਖਲਾਈ** : ਕਿੱਤੇ ਦੇ ਨਵੀਨੀਕਰਨ ਲਈ ਸਮੇਂ-ਸਮੇਂ ਤੇ ਕਿੱਤਾ ਮੁੱਖੀ ਸਿਖਲਾਈ ਹਾਸਿਲ ਕਰਦੇ ਰਹੋ, ਕਿਤਾਬਾਂ ਅਤੇ ਰਸਾਲੇ ਪੜ੍ਹੋ, ਵਰਕਸ਼ਾਪਾਂ ਵਿੱਚ ਸ਼ਾਮਲ ਹੋਵੋ, ਅਤੇ ਉੱਦਮੀਆਂ ਦੇ ਤਜ਼ਰਬਿਆਂ ਨੂੰ ਸੁਣੋ ।

ਕਿੱਤਾ ਮੁੱਖੀ ਸਿ

ਕਿਸਾਨ ਖ਼ੁਦਕੁਸ਼ੀਆਂ ਅਤੇ ਕਾਰਨ

ਡਾ. ਕੇਸਰ ਸਿੰਘ ਭੰਗੂ
ਸਾਬਕਾ ਪ੍ਰੋਫੈਸਰ ਤੇ ਡੀਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਇਲ 98154-27127

ਪੰਜਾਬ ਵਿੱਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਮਸਲਾ ਮੰਡੀਆਂ ਦੀਆਂ ਸੁਰਖ਼ੀਆਂ ਵਿੱਚ ਹੈ । ਇਹ ਖ਼ੌਫ਼ਨਾਕ ਅਤੇ ਦੁਖਦਾਈ ਵਰਤਾਰਾ ਲਗਾਤਾਰ ਜਾਰੀ ਹੈ । ਖੋਜ ਅਤੇ ਅਧਿਐਨ ਚੌਕਸ ਕਰਦੇ ਹਨ ਕਿ ਖ਼ੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਨਾਲ ਮੇਲ ਖਾਂਦੇ ਹਾਲਾਤ ਵਾਲੇ ਕਿਸਾਨ ਕੋਈ ਹੱਲ ਨਾ ਕੱਢਣ ਦੀ ਸੂਰਤ ਵਿੱਚ ਇਸ ਵਰਤਾਰੇ ਦਾ ਸ਼ਿਕਾਰ ਹੋ ਸਕਦੇ ਹਨ । ਪਹਿਲਾਂ ਪਹਿਲ ਸੂਬਾਈ ਸਰਕਾਰਾਂ ਨੇ ਇਸ ਵਰਤਾਰੇ ਬਾਰੇ ਨਾਂਹ ਨੁੱਕਰ ਕੀਤੀ । ਫਿਰ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਦਾ ਕਾਰਨ ਕਰਜ਼ੇ ਨੂੰ ਮੰਨ ਲਿਆ, ਪਰ ਮਸਲਾ ਹੱਲ ਨਾ ਹੋਇਆ । ਖ਼ੁਦਕੁਸ਼ੀਆਂ ਦੇ ਕਾਰਨ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਹੋ ਸਕਦੇ ਹਨ, ਪਰ ਖੇਤੀ ਪ੍ਰਧਾਨ ਸੂਬੇ ਪੰਜਾਬ ਵਿੱਚ ਕਰਜ਼ੇ ਕਾਰਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਘਾਤਕ ਦਿਲ-ਕੰਬਾਊ ਵਰਤਾਰਾ ਹਨ । ਇਹ ਮਸਲਾ ਡੂੰਘੀ ਖੋਜ-ਪੜਤਾਲ ਦੀ ਮੰਗ ਕਰਦਾ ਹੈ ਤਾਂ ਕਿ ਇਸ ਦਾ ਢੁਕਵਾਂ ਹੱਲ ਲੱਭਿਆ ਜਾ ਸਕੇ ।

ਕਿਸਾਨ ਖ਼ੁਦਕੁਸ਼ੀਆਂ ਦੇ ਵਰਤਾਰੇ ਦੀ ਹੋਂਦ ਮੰਨ ਲੈਣ ਮਗਰੋਂ ਸਰਕਾਰ ਅਤੇ ਸਰਕਾਰੀ ਸੰਸਥਾਵਾਂ ਨੇ ਇਸ ਮਸਲੇ ਦੀ ਗੰਭੀਰਤਾ ਬਾਰੇ ਜਾਣਨ ਲਈ ਕੁਝ ਅਧਿਐਨ ਕਰਵਾਏ । ਲੋਕ ਹਿੱਤ ਵਿੱਚ ਕੰਮ ਕਰਨ ਵਾਲੇ ਕਈ ਸੰਗਠਨਾਂ ਅਤੇ ਬੁੱਧੀਜੀਵੀਆਂ ਨੇ ਵੀ ਨਿੱਜੀ ਪੱਧਰ 'ਤੇ ਇਸ ਦੇ ਕਈ ਪਹਿਲੂਆਂ ਦੀ ਘੋਖ-ਪੜਤਾਲ ਕੀਤੀ ਹੈ । ਅਧਿਐਨਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸੂਬੇ ਦੀ ਮਾਲਵੇ ਦੀ ਕਪਾਹ ਪੱਟੀ ਭਾਵ ਸੰਗਰੂਰ, ਬਠਿੰਡਾ, ਮਾਨਸਾ, ਫਿਰੋਜ਼ਪੁਰ ਅਤੇ ਪੁਰਾਣਾ ਫ਼ਰੀਦਕੋਟ ਇਸ ਵਰਤਾਰੇ ਦੀ ਲਪੇਟ ਵਿੱਚ ਸਭ ਤੋਂ ਵੱਧ ਆਏ ਹਨ । ਖੇਤੀ ਮਨਸ਼ੇ ਅਤੇ ਜ਼ਮੀਨੀ ਹਕੀਕਤਾਂ ਨੂੰ ਜਾਣਨ ਲਈ ਇਸ ਤੋਂ ਵੱਧ ਪ੍ਰਭਾਵਿਤ ਮਾਲਵੇ ਦੇ ਬਠਿੰਡਾ ਜ਼ਿਲ੍ਹੇ ਵਿੱਚ ਇੱਕ ਸਰਵੇਖਣ ਕੀਤਾ ਗਿਆ । ਇਸ ਵਿੱਚ ਪੀੜਤ ਕਿਸਾਨਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ, ਕਰਜ਼ੇ ਦਾ ਮੰਤਵ, ਕਰਜ਼ੇ ਦੀ ਪੰਡ ਵਧਣ ਦੇ ਕਾਰਨ ਅਤੇਕਿਸਾਨ ਖ਼ੁਦਕੁਸ਼ੀਆਂ ਦੇ ਮਸਲੇ ਨੂੰ ਸ਼ਾਮਿਲ ਕੀਤਾ ਗਿਆ । ਇਸ ਸਬੰਧੀ ਜ਼ਿਲ੍ਹੇ ਦੇ ਸਾਰੇ ਬਲਾਕਾਂ ਅਤੇ ਤਹਿਸੀਲਾਂ ਦੇ ਪੀੜਤ ਕਿਸਾਨਾਂ ਦੇ ਨੇੜਲੇ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕੀਤਾ ਗਿਆ । ਕਿਸਾਨ ਯੂਨੀਅਨ ਦੇ ਆਗੂਆਂ, ਪੰਚਾਇਤ ਮੈਂਬਰਾਂ, ਅਹੁਤੀਆਂ ਅਤੇ ਬੈਂਕਾਂ ਵਾਲਿਆਂ ਨਾਲ ਵੀ ਗੱਲਬਾਤ ਕੀਤੀ ਗਈ । ਖ਼ੁਦਕੁਸ਼ੀ ਕਰਨ ਵਾਲਿਆਂ ਵਿੱਚ 86 ਫ਼ੀਸਦੀ ਕਿਸਾਨ ਅਤੇ 12 ਫ਼ੀਸਦੀ ਖੇਤ ਮਜ਼ਦੂਰ ਸ਼ਾਮਿਲ ਹਨ । ਕਿਸਾਨਾਂ ਵਿੱਚੋਂ ਵੱਡੀ ਗਿਣਤੀ ਛੋਟੀ ਅਤੇ ਸੀਮਾਂਤ ਕਿਸਾਨੀ ਨਾਲ ਸਬੰਧਿਤ ਸਨ । ਜ਼ਿਆਦਾਤਰ ਖ਼ੁਦਕੁਸ਼ੀਆਂ ਨੌਜਵਾਨ ਅਤੇ ਅੱਧਖੜ ਉਮਰ ਦੇ ਕਿਸਾਨਾਂ ਨੇ ਕੀਤੀਆਂ । ਪੜ੍ਹਾਈ ਲਿਖਾਈ ਦੀ ਘਾਟ ਪ੍ਰਤੱਖ ਸਾਹਮਣੇ ਆਈ । ਬਹੁਤੇ ਪੀੜਤ ਅਨਪੜ੍ਹ ਸਨ, ਜਿਸ ਕਾਰਨ ਉਨ੍ਹਾਂ ਕੋਲ ਬਹੁਤੇ ਵਿਕਲਪ ਨਾ ਹੋਣ ਕਾਰਨ ਉਨ੍ਹਾਂ ਨੂੰ ਗੈਰ-ਲਾਹੇਵੰਦ ਖੇਤੀ 'ਤੇ ਹੀ ਨਿਰਭਰ ਰਹਿਣਾ ਪਿਆ । ਖ਼ੁਦਕੁਸ਼ੀਆਂ ਦੇ ਰਾਹ ਪਏ ਕਿਸਾਨਾਂ ਵਿੱਚ 80 ਫ਼ੀਸਦੀ ਜੱਟ ਸਿੱਖ ਸਨ ਅਤੇ ਵੱਡੀ ਗਿਣਤੀ ਵਿੱਚ ਸਾਡੇ ਵੱਡੇ ਪਰਿਵਾਰਾਂ ਵਿੱਚ ਸਨ । ਪੀੜਤਾਂ ਵਿੱਚੋਂ 86 ਫ਼ੀਸਦੀ ਵਿਆਹੇ ਅਤੇ ਬਾਲ-ਬੱਚੇਦਾਰ ਸਨ ।

ਕਿਸਾਨੀ ਕਰਜ਼ਾ ਅਤੇ ਇਸ ਕਾਰਨ ਕਿਸਾਨ ਖ਼ੁਦਕੁਸ਼ੀਆਂ ਦਾ ਮਸਲਾ ਬਹੁਤ ਗਹਿਰਾ, ਗੁੰਝਲਦਾਰ ਅਤੇ ਬਹੁ-ਪਰਤੀ ਹੈ । ਇਸ ਦਾ ਹੱਲ ਬਹੁ-ਪਰਤੀ ਅਤੇ ਲੰਮੇ ਸਮੇਂ ਦੀਆਂ ਢੁਕਵੀਆਂ ਨੀਤੀਆਂ ਨਾਲ ਸੰਭਵ ਹੈ । ਪੰਜਾਬ ਸਰਕਾਰ ਇਸ ਮਸਲੇ ਦੇ ਠੀਕ ਵੇਰਵੇ ਇਕੱਠੇ ਕਰਕੇ ਕੇਂਦਰ ਸਰਕਾਰ ਕੋਲ ਰੱਖੇ ਤੇ ਕੇਂਦਰ ਸਰਕਾਰ ਕਿਸਾਨੀ ਦੇ ਬਚਾਅ ਲਈ ਢੁਕਵਾਂ ਰਾਹਤ ਪੈਕੇਜ ਪੰਜਾਬ ਦੀ ਕਿਸਾਨੀ ਨੂੰ ਦੇਵੇ ।

ਇਨ੍ਹਾਂ ਖ਼ਾਮੀਆਂ ਨੂੰ ਪੂਰਾ ਕਰਨ ਦੇ ਉਤਪਾਦਨ ਦੀਆਂ ਗੈਰ-ਲਾਹੇਵੰਦ ਕੀਮਤਾਂ, ਲਗਾਤਾਰ ਫ਼ਸਲਾਂ ਮਾਰੇ ਜਾਣਾ, ਉੱਚੀਆਂ ਤੇ ਲਗਾਤਾਰ ਵਧੀਆਂ ਖੇਤੀ ਲਾਗਤਾਂ ਅਤੇ ਕਰਜ਼ੇ ਤੇ ਵਿਆਜ਼ ਦੀਆਂ ਉੱਚੀਆਂ ਦਰਾਂ ਕਾਰਨ ਖ਼ਾਸਕਰ ਛੋਟੇ ਅਤੇ ਸੀਮਾਂਤ ਕਿਸਾਨ ਕਰਜ਼ੇ ਦੇ ਜੰਜਾਲ ਵਿੱਚ ਧਸ ਗਏ ਹੈ । ਖੇਤੀ ਦੇ ਸੰਕਟ, ਕਰਜ਼ੇ ਦੇ ਕਾਰਨ, ਕਰਜ਼ੇ ਦੀ ਮਾਤਰਾ ਅਤੇ ਕਿਸਾਨ ਖ਼ੁਦਕੁਸ਼ੀਆਂ ਸੰਬੰਧੀ ਵੱਖ-ਵੱਖ ਅੰਦਾਜ਼ੇ, ਨਤੀਜੇ ਅਤੇ ਸੁਝਾਅ ਪੇਸ਼ ਕੀਤੇ ਜਾਣ ਦੇ ਬਾਵਜੂਦ ਇਸ ਮਸਲੇ ਦਾ ਕਾਰਗਰ ਹੱਲ ਸਾਹਮਣੇ ਨਹੀਂ ਆਇਆ ।

ਜਦੋਂ ਕਿਸਾਨ ਖੇਤੀ ਆਮਦਨ ਵਿੱਚੋਂ ਕਰਜ਼ਾ ਵਾਪਸ ਨਾ ਕਰ ਸਕਣ ਅਤੇ ਕਰਜ਼ਾ ਹਰ ਸਾਲ ਵਧਦਾ ਜਾਵੇ ਤਾਂ ਇਹ ਭਿਆਨਕ ਸਮੱਸਿਆ ਬਣ ਜਾਂਦਾ ਹੈ ਅਤੇ ਕਿਸਾਨ ਇਸ ਜੰਜਾਲ ਵਿੱਚ ਫਸਦਾ ਹੀ ਚਲਾ ਜਾਂਦਾ ਹੈ । ਕਰਜ਼ੇ ਦੀ ਸਮੱਸਿਆ ਕਰਜ਼ੇ ਦੀ ਉਪਲਬਧਤਾ ਕੀਮਤ, ਵਾਪਸ ਮੋੜਨ ਦੀ ਸਮਰੱਥਾ, ਖੇਤੀ ਲਾਗਤਾਂ ਅਤੇ ਖੇਤੀ ਉਤਪਾਦਨ ਦੀਆਂ ਕੀਮਤਾਂ ਉੱਤੇ ਨਿਰਭਰ ਕਰਦੀ ਹੈ । ਖੋਜ ਅਧਿਐਨਾਂ ਨੇ ਖੇਤੀ ਵਸਤਾਂ ਦੀਆਂ ਗੈਰ-ਲਾਹੇਵੰਦ ਕੀਮਤਾਂ, ਝਾੜ ਦੀ ਖੜੋਤ ਅਤੇ ਘਟਣਾ, ਲਗਾਤਾਰ ਫ਼ਸਲਾਂ ਦਾ ਮਾਰੇ ਜਾਣਾ, ਲਗਾਤਾਰ ਵਧਦੀਆਂ ਅਤੇ ਉੱਚੀਆਂ ਖੇਤੀ ਲਾਗਤਾਂ, ਗੈਰ-ਸੰਸਥਾਗਤ ਕਰਜ਼ੇ ਦੀਆਂ ਹੋਰ ਵੱਧ ਉੱਚੀਆਂ ਵਿਆਜ ਦਰਾਂ ਅਤੇ ਕਰਜ਼ੇ ਦਾ ਅਣਉਤਪਾਦਕ ਕੰਮਾਂ ਲਈ ਵਰਤਣ ਨੂੰ ਮੁੱਖ ਕਾਰਨ ਦੱਸਿਆ ਹੈ । ਪੰਜਾਬ ਦੇ ਕਿਸਾਨਾਂ ਸਿਰ ਲਗਾਤਾਰ ਭਾਰੀ ਹੋ ਰਹੀ ਕਰਜ਼ੇ ਦੀ ਪੰਡ ਅਤੇ ਕਿਸਾਨਾਂ ਦਾ ਇੱਕ ਤੋਂ ਵੱਧ ਸਰੋਤਾਂ ਦਾ ਕਰਜ਼ਾਈ ਹੋਣਾ ਵੀ ਸਾਹਮਣੇ ਆਇਆ ਹੈ । ਅਧਿਐਨ ਮੁਤਾਬਿਕ 76 ਫ਼ੀਸਦੀ ਕਿਸਾਨਾਂ ਸਿਰ ਇੱਕ ਤੋਂ ਵੱਧ ਸਰੋਤਾਂ ਦਾ ਕਰਜ਼ਾ ਸੀ । ਇਹ ਅਹਿਮ ਪਹਿਲੂ ਪਹਿਲੇ ਅਧਿਐਨਾਂ ਨਾਲ ਮੇਲ ਨਹੀਂ ਖਾਂਦਾ ਕਿ ਸਿਰਫ਼ 12 ਫ਼ੀਸਦੀ ਕਿਸਾਨਾਂ ਸਿਰ ਨਿਰੋਲ ਆੜ੍ਹਤੀਆਂ ਦਾ ਕਰਜ਼ਾ ਸੀ । ਇਸ ਦੇ ਮੁੱਖ ਕਾਰਨ ਖੇਤੀ ਸੰਕਟ ਦਾ ਉਭਰਨਾ ਤੇ ਡੂੰਘਾ ਹੋਣਾ ਅਤੇ ਇਸ ਦੇ ਚਰਚਾ ਵਿੱਚ ਆਉਣ ਕਾਰਨ ਪਿਛਲੇ ਸਮੇਂ ਵਿੱਚ ਸੰਸਥਾਗਤ ਸਰੋਤਾਂ ਵੱਲੋਂ ਵੱਧ ਕਰਜ਼ਾ ਮੁਹੱਈਆ ਕਰਵਾਉਣਾ, ਕਿਸਾਨ ਜਥੇਬੰਦੀਆਂ ਅਤੇ ਆੜ੍ਹਤੀਆਂ ਦੀਆਂ ਜਥੇਬੰਦੀਆਂ ਵਿਚਕਾਰ ਕਈ ਮੁੱਦਿਆਂ 'ਤੇ ਟਕਰਾਅ ਹੋਣ ਕਾਰਨ ਕਿਸਾਨਾਂ ਵੱਲੋਂ ਆੜ੍ਹਤੀਆਂ ਦਾ ਕਰਜ਼ਾ ਕਿਤੋਂ ਹੋਰ ਪ੍ਰਬੰਧ ਕਰਕੇ ਵਾਪਸ ਕਰਨਾ ਅਤੇ ਅਜਿਹੇ ਮਾਹੌਲ ਵਿੱਚ ਆੜ੍ਹਤੀਆਂ ਵੱਲੋਂ ਕਿਸਾਨਾਂ ਵੱਲ ਕਰਜ਼ੇ ਦੇ ਮਾਮਲੇ ਵਿੱਚ ਹੱਥ ਪਿਛਾਂਹ ਖਿੱਚ ਲੈਣਾ ਹਨ । ਜੋਤਾਂ ਦੇ ਆਕਾਰ ਅਤੇ ਕਰਜ਼ੇ ਦੇ ਸਰੋਤਾਂ ਅਨੁਸਾਰ ਪੀੜਤ ਛੋਟੇ ਅਤੇ ਸੀਮਾਂਤ ਕਿਸਾਨ ਗੈਰ-ਸੰਸਥਾਗਤ ਅਤੇ ਸੰਸਥਾਗਤ ਕਰਜ਼ੇ ਦੋਵਾਂ ਵਿੱਚ ਫਸੇ ਹੋਏ ਸਨ ਜਦੋਂਕਿ ਵੱਡੇ ਕਿਸਾਨਾਂ ਸਿਰ ਸਿਰਫ਼ ਸੰਸਥਾਗਤ ਕਰਜ਼ਾ ਹੀ ਸੀ । ਦਰਅਸਲ, ਜਿਉਂ-ਜਿਉਂ ਜੋਤਾਂ ਦਾ ਆਕਾਰ ਵਧਦਾ ਹੈ ਤਾਂ ਗੈਰ-ਸੰਸਥਾਗਤ ਕਰਜ਼ੇ ਦਾ ਭਾਰ ਘਟਦਾ ਜਾਂਦਾ ਹੈ । ਬਹੁਤੇ ਪੀੜਤ ਕਿਸਾਨ ਸੰਸਥਾਗਤ ਸਰੋਤਾਂ ਦੇ ਵੱਧ ਕਰਜ਼ਦਾਰ ਸਨ । ਜੋਤਾਂ ਦੇ ਆਕਾਰ ਅਨੁਸਾਰ ਵੱਡੇ ਕਿਸਾਨਾਂ ਸਿਰ ਕਰਜ਼ੇ ਦਾ ਬਹੁਤ ਹਲਕਾ ਬੋਝ ਸੀ, ਪਰ ਪੀੜਤ ਛੋਟੇ ਅਤੇ ਸੀਮਾਂਤ ਕਿਸਾਨਾਂ ਸਿਰ ਕੁੱਲ ਕਰਜ਼ੇ ਦਾ 96 ਫ਼ੀਸਦੀ ਭਾਰ ਸੀ । ਕੁੱਲ ਸੰਸਥਾਗਤ ਕਰਜ਼ੇ ਦਾ ਮਹਿਜ਼ 2.9 ਫ਼ੀਸਦੀ ਵੱਡੀ ਕਿਸਾਨੀ ਸਿਰ ਅਤੇ 96.6 ਪ੍ਰਤੀਸ਼ਤ ਦਰਮਿਆਨੇ, ਛੋਟੇ ਅਤੇ ਸੀਮਾਂਤ ਕਿਸਾਨਾਂ ਸਿਰ ਸੀ । ਇਉਂ ਹੀ ਕੁੱਲ ਗੈਰ-ਸੰਸਥਾਗਤ ਕਰਜ਼ੇ ਦਾ 91.8 ਫ਼ੀਸਦੀ ਦਰਮਿਆਨੇ, ਛੋਟੇ ਅਤੇ ਸੀਮਾਂਤ ਕਿਸਾਨਾਂ ਸਿਰ ਅਤੇ ਵੱਡੀ ਕਿਸਾਨੀ ਸਿਰ ਇਹ ਕਰਜ਼ੇ ਨਹੀਂ ਸਨ । ਪ੍ਰਤੀ ਕਿਸਾਨ ਪਰਿਵਾਰ ਅਤੇ ਪ੍ਰਤੀ ਏਕੜ ਦੇ ਹਿਸਾਬ ਨਾਲ ਪੀੜਤ ਕਿਸਾਨਾਂ ਸਿਰ ਕਰਜ਼ਾ ਪੰਜਾਬ ਦੇ ਕਰਜ਼ੇ ਵਿੱਚ ਫਸੇ ਕਿਸਾਨਾਂ ਅਤੇ ਪੰਜਾਬ ਦੇ ਆਮ ਕਿਸਾਨਾਂ ਨਾਲੋਂ ਕਿਤੇ ਵਧੇਰੇ ਸੀ । ਛੋਟੇ ਅਤੇ ਸੀਮਾਂਤ ਕਿਸਾਨਾਂ ਸਿਰ ਤੇਜ਼ੀ ਨਾਲ ਵਧ ਰਿਹਾ ਕਰਜ਼ਾ ਇਨ੍ਹਾਂ ਦੀ ਹੋਂਦ ਲਈ ਇੱਕ ਗੰਭੀਰ ਸੰਕਟ ਦੀ ਪੇਸ਼ੀਨਗੋਈ ਵੀ ਕਰਦਾ ਹੈ । ਇਨ੍ਹਾਂ ਤੱਥਾਂ ਮੁਤਾਬਿਕ ਕਰਜ਼ਾ ਮੁੱਖ ਤੌਰ 'ਤੇ ਕਿਸਾਨੀ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਹੈ । ਕੁਝ ਕਿਸਾਨਾਂ ਨੇ ਕਰਜ਼ੇ ਦੀਆਂ ਬਹੁਤ ਉੱਚੀਆਂ ਵਿਆਜ ਦਰਾਂ ਅਤੇ ਕਰਜ਼ੇ ਦੀ ਮਨਜ਼ੂਰੀ ਤੇ ਵੰਡ ਸਮੇਂ ਭ੍ਰਿਸ਼ਟਾਚਾਰ ਅਤੇ ਬੇਨੇਮੀਆਂ ਦੇ ਵੀ ਦੋਸ਼ ਲਗਾਏ । ਕਿਸਾਨ ਯੂਨੀਅਨਾਂ ਮੁਤਾਬਿਕ ਖੇਤੀ ਜਿਨਸਾਂ ਦੇ ਗੈਰ-ਲਾਹੇਵੰਦ ਭਾਅ, ਖੇਤੀ ਦੀਆਂ ਲਗਾਤਾਰ ਵਧ ਰਹੀਆਂ ਅਤੇ ਉੱਚੀਆਂ ਲਾਗਤਾਂ, ਗੈਰ-ਸੰਸਥਾਗਤ ਕਰਜ਼ੇ ਦੀਆਂ ਉੱਚੀਆਂ ਵਿਆਜ ਦਰਾਂ, ਘਟੀਆ ਕੀੜੇਮਾਰ ਦਵਾਈਆਂ ਅਤੇ ਖਾਦ ਤੇ ਨਹਿਰੀ ਪਾਣੀ ਦੀ ਘਾਟ ਇਨ੍ਹਾਂ ਕਿਸਾਨਾਂ ਦੀਆਂ ਮੁਸ਼ਕਿਲਾਂ ਦੀ ਜੜ੍ਹ ਹਨ । ਆੜ੍ਹਤੀਆਂ ਅਨੁਸਾਰ ਕਿਸਾਨਾਂ ਵੱਲੋਂ ਕਰਜ਼ੇ ਦੀ ਗਲਤ ਵਰਤੋਂ, ਗੈਰ ਉਤਪਾਦਕ ਕੰਮਾਂ ਲਈ ਕਰਜ਼ਾ ਅਤੇ ਫ਼ਸਲਾਂ ਦਾ ਖ਼ਰਾਬ ਹੋਣਾ ਖੇਤੀ ਸੰਕਟ ਲਈ ਜ਼ਿੰਮੇਵਾਰ ਹਨ ।

ਅਧਿਐਨ ਵਿੱਚ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਕਿ ਪੀੜਤ ਕਿਸਾਨਾਂ ਨੇ ਖ਼ੁਦਕੁਸ਼ੀ ਲਈ ਕਿਹੜਾ ਢੰਗ ਅਪਣਾਇਆ, ਫੌਰੀ ਤੌਰ 'ਤੇ ਇਸ ਗੱਲ ਨੇ ਖ਼ੁਦਕੁਸ਼ੀ ਲਈ ਉਕਸਾਇਆ, ਖ਼ੁਦਕੁਸ਼ੀ ਦੇ ਅਸਲ ਕਾਰਨ ਕਿਹੜੇ ਹਨ ਅਤੇ ਪੀੜਤ ਕਿਸਾਨਾਂ ਨੇ ਖ਼ੁਦਕੁਸ਼ੀ ਤੋਂ ਪਹਿਲਾਂ ਅਤੇ ਪਿੱਛੋਂ ਪਰਿਵਾਰਾਂ ਨੇ ਕਿੰਨੀ ਜ਼ਮੀਨ ਗਹਿਣੇ ਕੀਤੀ ਅਤੇ ਵੇਚੀ ਹੈ । ਪੀੜਤ ਕਿਸਾਨਾਂ ਨੇ ਖ਼ੁਦਕੁਸ਼ੀਆਂ ਲਈ ਸਭ ਤੋਂ ਵੱਧ ਕੀੜੇਮਾਰ ਦਵਾਈਆਂ ਦੀ ਵਰਤੋਂ ਕੀਤੀ ਹੈ, ਜਿਹੜੀ ਕਿਸਾਨਾਂ ਦੇ ਘਰਾਂ ਅਤੇ ਖੇਤਾਂ ਵਿੱਚ ਆਮ ਹੀ ਮਿਲ ਜਾਂਦੀ ਹੈ । ਇਸ ਤੋਂ ਇਲਾਵਾ ਕਿਸਾਨਾਂ ਨੇ ਰੇਲ ਗੱਡੀ ਹੇਠ ਆ ਕੇ, ਵਾਧਾ ਲੈ ਕੇ ਅਤੇ ਅੱਗ ਲਗਾ ਕੇ ਖ਼ੁਦਕੁਸ਼ੀ ਕੀਤੀ ਹੈ । ਫੌਰੀ ਤੌਰ 'ਤੇ ਬਹੁਤੇ ਕਿਸਾਨਾਂ ਨੂੰ ਆੜ੍ਹਤੀਆਂ ਅਤੇ ਬੈਂਕ ਅਧਿਕਾਰੀਆਂ ਵੱਲੋਂ ਕਰਜ਼ਾ ਵਾਪਸੀ ਲਈ ਲਗਾਤਾਰ ਦਬਾਅ, ਘਰ ਦੇ ਵਾਰ-ਵਾਰ ਗੇੜੇ ਮਾਰ ਕੇ ਤੰਗ ਪ੍ਰੇਸ਼ਾਨ ਕਰਨ, ਲੋਕਾਂ ਸਾਹਮਣੇ ਬੇਇੱਜ਼ਤ ਕਰਨ, ਜ਼ਮੀਨ ਤੇ ਫ਼ਸਲ 'ਤੇ ਜਬਰੀ ਕਬਜ਼ਾ ਕਰਨ ਲਈ ਧਮਕੀਆਂ ਅਤੇ ਫ਼ਸਲਾਂ ਦੇ ਖ਼ਰਾਬ ਹੋਣ ਜਾਂ ਫ਼ਸਲਾਂ ਮਰਨ ਵਰਗੇ ਕਾਰਨਾਂ ਨੇ ਖ਼ੁਦਕੁਸ਼ੀਆਂ ਲਈ ਉਕਸਾਇਆ । ਕਰਜ਼ੇ ਕਾਰਨ ਜ਼ਮੀਨ ਵਿਕਣ/ਗਹਿਣੇ ਹੋ ਜਾਣ ਕਰਕੇ ਮਾਨਸਿਕ ਸੰਤੁਲਨ ਗੁਆਉਣ ਕਾਰਨ ਵੀ ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ ।

ਦਰਅਸਲ, ਖ਼ੁਦਕੁਸ਼ੀਆਂ ਦੇ ਕਿਸੇ ਇੱਕ ਕਾਰਨ ਨੂੰ ਨਿਰੋਲ ਕਾਰਨ ਕਹਿਣਾ ਬਹੁਤ ਮੁਸ਼ਕਿਲ ਹੈ । ਬੇਸ਼ੱਕ, ਹਥਲੇ ਅਧਿਐਨ ਮੁਤਾਬਿਕ ਕਰਜ਼ਾ ਹੀ ਖ਼ੁਦਕੁਸ਼ੀਆਂ ਦਾ ਇੱਕੋ-ਇੱਕ ਕਾਰਨ ਹੈ ਕਿਉਂਕਿ ਸਰਵੇਖਣ ਵਿੱਚ ਸ਼ਾਮਿਲ ਸਾਰੇ ਕਿਸਾਨਾਂ ਸਿਰ ਬਹੁਤ ਵੱਧ ਕਰਜ਼ਾ ਸੀ । ਪੀੜਤ ਪਰਿਵਾਰਾਂ ਵੱਲੋਂ ਜ਼ਮੀਨ ਵੇਚ ਕੇ ਜਾਂ ਗਹਿਣੇ ਧਰ ਕੇ ਕਰਜ਼ਾ ਵਾਪਸੀ/ਘਟਾਉਣ ਦੀ ਵੀ ਕੋਸ਼ਿਸ਼ ਕੀਤੀ ਗਈ । ਇਸ ਲਈ ਇਨ੍ਹਾਂ ਪਰਿਵਾਰਾਂ ਨੇ ਆਪਣੀ 7.8 ਫ਼ੀਸਦੀ ਜ਼ਮੀਨ ਖ਼ੁਦਕੁਸ਼ੀਆਂ ਪਹਿਲਾਂ ਅਤੇ 18.4 ਫ਼ੀਸਦੀ ਖ਼ੁਦਕੁਸ਼ੀਆਂ ਤੋਂ ਬਾਅਦ ਵੇਚ ਦਿੱਤੀ ਅਤੇ ਨਾਲ ਹੀ 10.6 ਫ਼ੀਸਦੀ ਜ਼ਮੀਨ ਖ਼ੁਦਕੁਸ਼ੀਆਂ ਤੋਂ ਪਹਿਲਾਂ ਅਤੇ 5.8 ਫ਼ੀਸਦੀ ਖ਼ੁਦਕੁਸ਼ੀਆਂ ਤੋਂ ਬਾਅਦ ਗਹਿਣੇ ਧਰ ਦਿੱਤੀ । ਜ਼ਿਕਰਯੋਗ ਹੈ ਕਿ ਬਹੁਤੀ ਜ਼ਮੀਨ ਛੋਟੇ ਅਤੇ ਸੀਮਾਂਤ ਕਿਸਾਨਾਂ ਵੱਲੋਂ ਹੀ ਵੇਚੀ/ਗਹਿਣੇ ਕੀਤੀ ਗਈ ਅਤੇ ਜ਼ਮੀਨ ਖਰੀਦਣ/ਗਹਿਣੇ ਲੈਣ ਵਾਲੇ ਉਸੇ ਪਿੰਡ ਦੇ ਦੋ ਵੱਡੇ ਕਿਸਾਨ ਜਾਂ ਆੜ੍ਹਤੀਏ ਸਨ । ਕੁਝ ਕਿਸਾਨ ਸਾਰੀ ਜ਼ਮੀਨ ਵੇਚ ਕੇ ਆਪ ਮਜ਼ਦੂਰੀ ਜਾਂ ਹੋਰ ਛੋਟੇ-ਮੋਟੇ ਕੰਮ-ਧੰਦੇ ਕਰਨ ਲੱਗ ਪਏ ।

ਕਿਸਾਨੀ ਕਰਜ਼ਾ ਅਤੇ ਇਸ ਕਾਰਨ ਕਿਸਾਨ ਖ਼ੁਦਕੁਸ਼ੀਆਂ ਦਾ ਮਸਲਾ ਗੁੰਝਲਦਾਰ ਅਤੇ ਬਹੁ-ਪਰਤੀ ਹੈ । ਇਸ ਦਾ ਹੱਲ ਬਹੁ-ਪਰਤੀ ਅਤੇ ਲੰਮੇ ਸਮੇਂ ਦੀਆਂ ਢੁਕਵੀਆਂ ਨੀਤੀਆਂ ਨਾਲ ਹੀ ਸੰਭਵ ਹੈ । ਪੰਜਾਬ ਸਰਕਾਰ ਇਸ ਮਸਲੇ ਦੇ ਠੀਕ ਵੇਰਵੇ ਇਕੱਠੇ ਕਰਕੇ ਕੇਂਦਰ ਸਰਕਾਰ ਕੋਲ ਰੱਖੇ ਅਤੇ ਕੇਂਦਰ ਸਰਕਾਰ ਕਿਸਾਨੀ ਦੇ ਬਚਾਅ ਲਈ ਢੁਕਵਾਂ ਰਾਹਤ ਪੈਕੇਜ ਪੰਜਾਬ ਦੀ ਕਿਸਾਨੀ ਨੂੰ ਦੇਵੇ । ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਦਾ ਫੌਰੀ ਪ੍ਰਬੰਧ ਕੀਤਾ ਜਾਵੇ ਅਤੇ ਢੁਕਵੀਂ ਵਿੱਤੀ ਸਹਾਇਤਾ, ਪੈਨਸ਼ਨ, ਪਰਿਵਾਰਕ ਮੈਂਬਰਾਂ ਨੂੰ ਰੁਜ਼ਗਾਰ ਅਤੇ ਪਰਿਵਾਰ ਦੇ ਬੱਚਿਆਂ ਲਈ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ । ਪੀੜਤ ਪਰਿਵਾਰਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇ ਅਤੇ ਕਰਜ਼ੇ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਕਰਨ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇ । ਖੇਤੀ ਲਾਗਤਾਂ ਨੂੰ ਘੱਟ ਕਰਨ, ਉਤਪਾਦਨ ਦੇ ਲਾਹੇਵੰਦ ਭਾਅ, ਅਸਲ ਕੀੜੇਮਾਰ ਦਵਾਈਆਂ, ਖਾਦਾਂ ਅਤੇ ਫ਼ਸਲ ਮਰ

ਗੰਭੀਰ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਪੰਜਾਬ

ਪੰਜਾਬ ਅਣਖੀਲੇ ਯੋਧਿਆਂ ਦੀ ਧਰਤੀ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹਰੀ ਕ੍ਰਾਂਤੀ ਸਮੇਤ ਹਰ ਖੇਤਰ ਵਿੱਚ ਅੱਗੇ ਹੋ ਕੇ ਆਪਣਾ ਯੋਗਦਾਨ ਪਾਇਆ ਹੈ। ਪਰ ਅੱਜ ਪੰਜਾਬ ਗੰਭੀਰ ਸੰਕਟਾਂ ਦੇ ਦੌਰ ਵਿੱਚੋਂ ਲੰਘ ਰਿਹਾ ਹੈ, ਜਿੱਥੇ ਰੋਜ਼ਾਨਾ ਵਾਪਰ ਰਹੀਆਂ ਮਾੜੀਆਂ ਘਟਨਾਵਾਂ ਕਾਰਨ ਦਿਲ ਦਹਿਲ ਉੱਠਦਾ ਹੈ। ਸਿਆਸੀ ਪਾਰਟੀਆਂ ਸੂਬੇ ਦੀ ਬਿਹਤਰੀ ਦੀ ਬਜਾਏ ਆਪਣੀ ਵੋਟ ਦੀ ਰਾਜਨੀਤੀ ਨੂੰ ਸਾਧਣ ਵਿੱਚ ਲੱਗੀਆਂ ਹੋਈਆਂ ਹਨ। ਇੱਕ-ਦੂਜੇ 'ਤੇ ਇਲਜ਼ਾਮ ਲਗਾਉਂਦਿਆਂ ਚਿੱਕੜ ਉਛਾਲਣ ਦੀ ਰਾਜਨੀਤੀ ਹੇਠਲੇ ਪੱਧਰ ਤੱਕ ਚਲੀ ਗਈ ਹੈ, ਪਰ ਬੇਸ਼ੁਮਾਰ ਸਮੱਸਿਆਵਾਂ ਤੇ ਅਹਿਮ ਮਸਲਿਆਂ ਨੂੰ ਹੱਲ ਕਰਨ ਵੱਲ ਨਾ ਕਿਸੇ ਦਾ ਧਿਆਨ ਹੈ ਤੇ ਨਾ ਹੀ ਕੋਈ ਢੁੱਕਵੀਂ ਯੋਜਨਾ ਬਣਾਈ ਜਾ ਰਹੀ ਹੈ। ਪੰਜਾਬ ਦਾ ਪਾਣੀਆਂ ਦਾ ਮੁੱਦਾ ਪਿਛਲੇ ਲੰਮੇ ਅਰਸੇ ਤੋਂ ਲਟਕਿਆ ਪਿਆ ਹੈ, ਹੁਣ ਤਾਂ ਸੁਪਰੀਮ ਕੋਰਟ ਨੇ ਵੀ ਦੋਵਾਂ ਸੂਬਿਆਂ- ਪੰਜਾਬ ਤੇ ਹਰਿਆਣਾ ਨੂੰ ਆਪਸੀ ਗੱਲਬਾਤ ਨਾਲ ਮਸਲੇ ਦਾ ਹੱਲ ਲੱਭਣ ਲਈ ਕਹਿ ਕੇ ਆਪਣਾ ਪੱਲਾ ਛੁਡਾ ਰਿਹਾ ਹੈ। ਸੂਬੇ ਵਿੱਚ ਰੋਜ਼ਾਨਾ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਦੌਰਾਨ ਵਪਾਰੀਆਂ, ਰਸੂਖਦਾਰ ਪਰਿਵਾਰਾਂ ਤੇ ਨਾਮਵਰ ਲੋਕਾਂ ਤੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਨਿੱਤ ਹੁੰਦੇ ਮੁਕਾਬਲਿਆਂ ਤੇ ਲੁੱਟਖੋਹ ਦੀਆਂ ਵਾਰਦਾਤਾਂ ਕਾਰਨ ਸੂਬੇ ਦੇ ਲੋਕ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਦਿਨ-ਦਿਹਾੜੇ ਗੋਲੀਆਂ ਚੱਲ ਰਹੀਆਂ ਹਨ, ਰਾਹ ਜਾਂਦੀਆਂ ਔਰਤਾਂ ਝਪਟਮਾਰਾਂ ਤੇ ਸਮਾਜ ਵਿਰੋਧੀ ਅਨਸਰਾਂ ਤੋਂ ਸੁਰੱਖਿਅਤ ਨਹੀਂ ਹਨ।

ਪੰਜਾਬ ਦੇ ਕਿਸਾਨਾਂ ਦੀ ਗੱਲ ਕਰੀਏ ਤਾਂ ਦੇਸ਼ ਦਾ ਅੰਨ ਭੰਡਾਰ ਭਰਨ ਵਿੱਚ ਉਹ ਹਮੇਸ਼ਾ ਸਭ ਤੋਂ ਮੋਹਰੀ ਰਹੇ ਹਨ। ਪਰ ਫ਼ਸਲਾਂ ਦੇ ਵੱਧ ਝਾੜ ਲੈਣ ਦੇ ਲਾਲਚ ਵਿੱਚ ਉਨ੍ਹਾਂ ਅੰਨ੍ਹੇਵਾਹ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵੱਡਾ ਖੋਰਾ ਲਗਾ ਲਿਆ ਹੈ। ਵਧੇਰੇ ਖਾਦਾਂ ਤੇ ਕੀਟਨਾਸ਼ਕਾਂ ਨਾਲ ਤਿਆਰ ਹੋਏ ਅਨਾਜ ਨੂੰ ਖਾਣ ਕਾਰਨ ਸੂਬੇ ਦੇ ਲੋਕ ਤੇ ਪਸ਼ੂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋਣ ਲੱਗੇ ਹਨ। ਧਰਤੀ ਹੇਠਲੇ ਪਾਣੀ ਅਤੇ ਕੀਟਨਾਸ਼ਕਾਂ ਤੇ ਖਾਦਾਂ ਦੀ ਅੰਨ੍ਹੇਵਾਹ ਹੋ ਰਹੀ ਵਰਤੋਂ ਕਾਰਨ ਧਰਤੀ ਹੇਠਲਾ ਪਾਣੀ ਨੀਵਾਂ ਤੇ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਸਰਕਾਰ ਵੱਲੋਂ ਸਿਰਫ਼ ਝੋਨੇ ਤੇ ਕਣਕ 'ਤੇ ਐਮ. ਐਸ. ਪੀ. ਦਿੱਤੇ ਜਾਣ ਕਾਰਨ ਪੰਜਾਬ ਵਿੱਚ ਖੇਤੀ ਵਿਭਿੰਨਤਾ ਪ੍ਰਭਾਵੀ ਤੌਰ 'ਤੇ ਲਾਗੂ ਨਹੀਂ ਹੋ ਸਕੀ ਅਤੇ ਕਿਸਾਨ ਫ਼ਸਲੀ ਚੱਕਰ ਵਿੱਚੋਂ ਬਾਹਰ ਨਹੀਂ ਨਿਕਲ ਸਕੇ। ਭਾਵੇਂ ਮਾਹਿਰਾਂ ਵਲੋਂ ਵਾਰ-ਵਾਰ ਕਿਸਾਨਾਂ ਨੂੰ ਮੱਕੀ, ਸਬਜ਼ੀਆਂ ਤੇ ਬਾਗਬਾਨੀ ਹੇਠ ਜ਼ਮੀਨ ਦਾ ਰਕਬਾ ਵਧਾਉਣ ਦੀ ਸਲਾਹ ਦਿੱਤੀ ਜਾਂਦੀ ਹੈ, ਪਰ ਇਨ੍ਹਾਂ ਲਈ ਮੰਡੀਕਰਨ ਦੀ ਢੁਕਵੀਂ ਵਿਵਸਥਾ ਨਾ ਹੋਣ ਕਾਰਨ ਖੇਤੀ ਵਿਭਿੰਨਤਾ ਨੂੰ ਬਹੁਤਾ ਹੁਲਾਰਾ ਨਹੀਂ ਮਿਲ ਸਕਿਆ। ਪੰਜਾਬ ਦਾ ਵਾਤਾਵਰਨ ਲਗਾਤਾਰ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਪਹਿਲਾਂ ਪਿੰਡਾਂ ਵਿੱਚ ਹਰੇਕ ਜ਼ਿਮੀਂਦਾਰ ਦੇ ਖੇਤਾਂ ਵਿੱਚ ਲੱਗੇ ਟਿਊਬਵੈੱਲਾਂ 'ਤੇ 5-7 ਫ਼ਲਦਾਰ ਜਾਂ ਛਾਂ ਵਾਲੇ ਦਰੱਖ਼ਤ ਆਮ ਹੁੰਦੇ ਸਨ। ਲੋਕਾਂ ਦੇ ਘਰਾਂ, ਹਵੇਲੀਆਂ, ਸੜਕਾਂ ਤੇ ਖੇਤਾਂ ਵਿੱਚ ਦਰੱਖਤਾਂ ਦੀ ਭਰਮਾਰ ਹੁੰਦੀ ਸੀ, ਪਰ ਅੱਜਕਲ੍ਹ ਖੇਤਾਂ ਵਿੱਚ ਮੋਟਰ ਵਾਲੇ ਛੋਟੇ ਕੋਠਿਆਂ ਤੇ ਘਰਾਂ ਵਿੱਚ ਕੋਈ ਦਰੱਖਤ ਨਜ਼ਰ ਨਹੀਂ ਆਉਂਦਾ।

ਭਾਵੇਂ ਵਾਤਾਵਰਨ ਨੂੰ ਸੰਤੁਲਿਤ ਕਰਨ ਲਈ ਹਰ ਸਾਲ ਬਰਸਾਤਾਂ ਵਿੱਚ ਨਵੇਂ ਬੂਟੇ ਲਗਾਉਣ ਦੀਆਂ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ, ਪਰ ਚੰਗੀ ਤਰ੍ਹਾਂ ਸਾਂਭ-ਸੰਭਾਲ ਨਾ ਹੋਣ ਕਰਕੇ ਬਹੁਤੇ ਬੂਟੇ ਮਰ ਜਾਂਦੇ ਹਨ। ਕਿਸਾਨਾਂ ਵਲੋਂ ਹਰ ਸਾਲ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਅੱਗ ਲਗਾਉਣ ਕਰਕੇ ਜ਼ਹਿਰੀਲਾ ਧੂੰਆਂ ਵਾਤਾਵਰਨ ਨੂੰ ਬਹੁਤ ਪਲੀਤ ਕਰ ਦਿੰਦਾ ਹੈ, ਇਸ ਦੌਰਾਨ ਕਈ ਵਾਰ ਗੰਭੀਰ ਹਾਦਸੇ ਵੀ ਵਾਪਰ ਜਾਂਦੇ ਹਨ। ਉਦਯੋਗਿਕ ਇਕਾਈਆਂ ਤੇ ਬੇਸ਼ੁਮਾਰ ਵਾਹਨਾਂ ਵਲੋਂ ਜ਼ਹਿਰੀਲੇ ਧੂੰਏਂ ਨਾਲ ਵਾਤਾਵਰਨ ਨੂੰ ਪਲੀਤ ਕਰਨ ਵਿੱਚ ਪਾਏ ਜਾਂਦੇ ਯੋਗਦਾਨ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ। ਪਰ ਸਰਕਾਰਾਂ ਕਿਸਾਨਾਂ ਨੂੰ ਹੀ ਵਾਤਾਵਰਨ ਦੇ ਦੁਸ਼ਮਣ ਮੰਨ ਕੇ ਉਨ੍ਹਾਂ ਦੇ ਜ਼ਮੀਨੀ ਰਿਕਾਰਡ ਵਿੱਚ 'ਰੈੱਡ ਐਂਟਰੀ' ਕਰਨ ਦੇ ਰਾਹ ਤੁਰ ਪਈਆਂ ਹਨ। ਪੰਜਾਬ ਹਮੇਸ਼ਾ ਭਾਈਚਾਰਕ ਸਾਂਝੀਵਾਲਤਾ ਤੇ ਲੋੜਮੰਦਾਂ ਦੀ ਮਦਦ ਕਰਨ ਲਈ ਜਾਣਿਆ ਜਾਂਦਾ ਰਿਹਾ ਹੈ। ਪਰ ਹੁਣ ਬਦਲਦੇ ਮਾਹੌਲ ਤੇ ਸਮਾਜਿਕ ਕੁਰੀਤੀਆਂ ਦੇ ਦੌਰ ਵਿੱਚ ਖ਼ੂਨ ਦੇ ਰਿਸ਼ਤਿਆਂ ਵਿੱਚ ਵੀ ਪਹਿਲਾਂ ਜਿਹਾ ਨਿੱਘ ਤੇ ਸਤਿਕਾਰ ਨਹੀਂ ਰਿਹਾ ਹੈ। ਹੁਣ ਤਾਂ ਕਈ ਥਾਵਾਂ 'ਤੇ ਪੁੱਤਰਾਂ ਵਲੋਂ ਆਪਣੇ ਮਾਂ-ਬਾਪ ਨੂੰ ਬੇਰਹਿਮੀ ਨਾਲ ਮਾਰ ਦੇਣ ਦੀਆਂ ਘਟਨਾਵਾਂ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ, ਸਕੇ ਭਰਾ ਦੁਸ਼ਮਣ ਬਣ ਕੇ ਇੱਕ-ਦੂਜੇ ਦੇ ਹੱਕ ਖੋਹ ਰਹੇ ਹਨ। ਔਰਤਾਂ ਆਪਣੇ ਪ੍ਰੇਮੀਆਂ ਨਾਲ ਮਿਲ ਕੇ ਆਪਣੇ ਪਤੀਆਂ ਨੂੰ ਮਰਵਾ ਰਹੀਆਂ ਹਨ। ਮਾਵਾਂ ਵਲੋਂ ਆਪਣੇ ਹੀ ਬੱਚਿਆਂ ਨੂੰ ਜ਼ਹਿਰ ਦੇ ਕੇ ਮਾਰਨ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਗੁਰੂਆਂ ਦੇ ਨਾਂਅ 'ਤੇ ਵਸਦਾ ਪੰਜਾਬ ਪਤਾ ਨਹੀਂ ਕਿਉਂ ਮਾੜੇ ਪਾਸੇ ਵੱਲ ਤੁਰ ਪਿਆ ਹੈ। ਪੰਜਾਬ ਵਿੱਚ ਮੁੜ ਖੁਸ਼ੀਆਂ ਤੇ ਖੇਡੇ ਲਿਆਉਣ ਲਈ ਸਾਨੂੰ ਸਾਰਿਆਂ ਨੂੰ ਸੁਹਿਰਦ ਤੇ ਇਕਜੁੱਟ ਹੋਣਾ ਪਵੇਗਾ, ਤਾਂ ਹੀ ਅਸੀਂ ਆਪਣੇ ਪੰਜਾਬ ਨੂੰ ਹਰਿਆ-ਭਰਿਆ ਤੇ ਰੰਗਲਾ ਪੰਜਾਬ ਬਣਾ ਸਕਾਂਗੇ।

ਸੰਜੀਵ ਸਿੰਘ ਸੈਣੀ, ਮੁਹਾਲੀ (ਮੋ. 78889-66168)

ਕਿਸਾਨਾਂ ਦੀ ਆਮਦਨ ਵਧਾਉਣ ਲਈ ਉਚਿੱਤ ਯੋਜਨਾਬੰਦੀ ਦੀ ਲੋੜ

ਕਿਸਾਨਾਂ ਦੀ ਆਮਦਨ ਵਧਾਉਣ ਲਈ ਖੇਤੀ ਸੰਬੰਧੀ ਕਿਸਾਨਾਂ ਦੀ ਸੋਚ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ। ਉਨ੍ਹਾਂ ਨੂੰ ਖੇਤੀ ਨੂੰ ਵਪਾਰਕ ਸਮਝਣਾ ਚਾਹੀਦਾ ਹੈ। ਕੇਂਦਰ ਵਲੋਂ ਕੁਝ ਫ਼ਸਲਾਂ ਹਿਸਾਬ-ਕਿਤਾਬ ਰੱਖਣਾ ਪਵੇਗਾ। ਖੇਤੀ ਇੱਥੋਂ ਤੱਕ ਹੀ ਸੀਮਤ ਨਹੀਂ ਹੋਵੇਗੀ ਕਿ ਕਣਕ-ਝੋਨੇ ਵਾਂਗ ਕਿਸਾਨ ਫ਼ਸਲ ਵੱਢਣ ਤੇ ਸਰਕਾਰੀ ਖ਼ਰੀਦ 'ਤੇ ਐਮ.ਐਸ.ਪੀ. ਹੋਣ ਕਾਰਨ ਮੰਡੀ ਵਿੱਚ ਵੇਚ ਆਉਣ। ਪਾਈ ਜਾ ਰਹੇ ਹਨ। ਇਸੇ ਤਰ੍ਹਾਂ ਡੀ. ਏ. ਪੀ. ਦੀ ਲੋੜ ਨਾਲੋਂ ਵੱਧ ਵਰਤੋਂ ਕਰੀ ਜਾ ਰਹੇ ਹਨ, ਜਿਸ ਨਾਲ ਖ਼ਰਚਾ ਵਧਦਾ ਹੈ ਤੇ ਸ਼ੁੱਧ ਆਮਦਨ ਘਟਦੀ ਹੈ। ਮਾਹਿਰ ਕਹਿੰਦੇ ਹਨ ਕਿ ਜ਼ਿਆਦਾ

> ਅੱਜ ਭਾਰਤ ਵਿਸ਼ਵ ਵਿੱਚ ਚੌਲ ਪੈਦਾ ਕਰਨ ਵਾਲਾ ਸਭ ਤੋਂ ਮੋਹਰੀ ਦੇਸ਼ ਹੈ। ਇਹ 150 ਮਿਲੀਅਨ ਟਨ ਤੱਕ ਚੌਲ ਪੈਦਾ ਕਰ ਰਿਹਾ ਹੈ, ਜਿਸ ਵਿੱਚ ਪੰਜਾਬ ਦਾ ਪ੍ਰਭਾਵਸ਼ਾਲੀ ਯੋਗਦਾਨ ਹੈ। ਭਾਰਤ ਵਲੋਂ 60 ਲੱਖ ਟਨ ਵਿਦੇਸ਼ ਭੇਜੀ ਜਾ ਰਹੀ ਬਾਸਮਤੀ ਵਿੱਚ ਪੰਜਾਬ ਦਾ 40 ਫ਼ੀਸਦੀ ਤੱਕ ਹਿੱਸਾ ਹੈ। ਇਸ ਨਾਲ ਦੇਸ਼ ਨੂੰ 50 ਹਜ਼ਾਰ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਆ ਰਹੀ ਹੈ।
>
>
>
> ਭਗਵਾਨ ਦਾਸ

ਦਾ ਘੱਟੋ-ਘੱਟ ਸਮਰੱਥਨ ਮੁੱਲ (ਐਮ. ਐਸ. ਪੀ.) ਮੁਕੱਰਰ ਕੀਤਾ ਗਿਆ, ਜਿਸ ਵਿੱਚ ਕਣਕ ਤੇ ਝੋਨਾ ਮੁੱਖ ਫ਼ਸਲਾਂ ਸਨ। ਇਸ ਨਾਲ ਉਤਪਾਦਨ ਤੇ ਉਤਪਾਦਕਤਾ ਵਿੱਚ ਨੁਮਾਇਆ ਵਾਧਾ ਹੋਇਆ। ਕੇਂਦਰੀ ਅੰਨ ਭੰਡਾਰ ਵਿੱਚ ਦੋਵੇਂ ਫ਼ਸਲਾਂ ਦਾ ਜ਼ਖੀਰਾ ਵਧਾਇਆ ਗਿਆ, ਜਿਸ ਵਿੱਚ ਪੰਜਾਬ ਦੀ ਵੱਡੀ ਭੂਮਿਕਾ ਰਹੀ ਹੈ। ਇਸ ਯੋਗਦਾਨ ਵਿੱਚ ਪੰਜਾਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਭਾਵੇਂ ਹੁਣ ਕਣਕ ਉਤਪਾਦਨ ਵਿੱਚ ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵੀ ਹਨ, ਜੋ ਅੱਗੇ ਨਿਕਲ ਗਏ ਹਨ। ਸਬਜ਼ ਇਨਕਲਾਬ ਵਜੋਂ ਉਤਪਾਦਨ ਵਿੱਚ ਇੰਨਾ ਵਾਧਾ ਹੋਇਆ ਕਿ ਭਾਰਤ ਆਤਮਨਿਰਭਰ ਹੀ ਨਹੀਂ, ਸਗੋਂ ਅਨਾਜ

ਦੂਜੇ ਮੁਲਕਾਂ ਨੂੰ ਭੇਜਣ ਦੇ ਵੀ ਕਾਬਿਲ ਹੋ ਗਿਆ। ਅੱਜ ਭਾਰਤ ਵਿਸ਼ਵ ਵਿੱਚ ਚੌਲ ਪੈਦਾ ਕਰਨ ਵਾਲਾ ਸਭ ਤੋਂ ਮੋਹਰੀ ਦੇਸ਼ ਹੈ। ਇਹ 150 ਮਿਲੀਅਨ ਟਨ ਤੱਕ ਚੌਲ ਪੈਦਾ ਕਰ ਰਿਹਾ ਹੈ, ਜਿਸ ਵਿੱਚ ਪੰਜਾਬ ਦਾ ਪ੍ਰਭਾਵਸ਼ਾਲੀ ਯੋਗਦਾਨ ਹੈ। ਭਾਰਤ ਵਲੋਂ 60 ਲੱਖ ਟਨ ਵਿਦੇਸ਼ ਭੇਜੀ ਜਾ ਰਹੀ ਬਾਸਮਤੀ ਵਿੱਚ ਪੰਜਾਬ ਦਾ 40 ਫ਼ੀਸਦੀ ਤੱਕ ਹਿੱਸਾ ਹੈ। ਇਸ ਨਾਲ ਦੇਸ਼ ਨੂੰ 50 ਹਜ਼ਾਰ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਆ ਰਹੀ ਹੈ।

ਹੁਣ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਫ਼ਸਲੀ-ਭਿੰਨਤਾ ਲਿਆਉਣੀ ਜ਼ਰੂਰੀ ਹੈ। ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾਉਣ ਦੀ ਲੋੜ ਹੈ ਤਾਂ ਜੋ ਪਾਣੀ ਦੀ ਬੱਚਤ ਹੋਵੇ। ਫ਼ਸਲੀ-ਭਿੰਨਤਾ ਆਉਣ ਨਾਲ ਕਿਸਾਨਾਂ ਲਈ ਖੇਤੀ ਇਕ ਵਪਾਰ ਬਣ ਜਾਵੇਗੀ। ਉਨ੍ਹਾਂ ਨੂੰ ਪੂਰੇ ਵੇਰਵੇ ਤੇ ਉਨ੍ਹਾਂ ਨੂੰ ਮੰਡੀਕਰਨ ਦਾ ਪੂਰਾ ਗਿਆਨ ਰੱਖਣਾ ਪਵੇਗਾ। ਇਸ ਤੋਂ ਬਿਨਾਂ ਸਹੀ ਯੋਜਨਾਬੰਦੀ ਨਹੀਂ ਹੋ ਸਕਦੀ। ਉਤਪਾਦਕਤਾ ਤੋਂ ਆਮਦਨ ਵਧਾਉਣ ਲਈ ਸੁਯੋਗ ਯੋਜਨਾਬੰਦੀ ਕਰਨ ਦੀ ਲੋੜ ਹੈ। ਕਿਸਾਨਾਂ ਨੂੰ ਯੋਜਨਾਬੰਦੀ ਕਰਦਿਆਂ ਵੱਧ ਆਮਦਨ ਨੂੰ ਮੁੱਖ ਰੱਖ ਕੇ ਵਧੇਰੇ ਫ਼ਾਇਦੇ ਵਾਲੀਆਂ ਫ਼ਸਲਾਂ ਨੂੰ ਪਹਿਲ ਦੇ ਕੇ ਖੇਤੀ ਨੂੰ ਵਪਾਰਕ ਬਣਾਉਣਾ ਪਵੇਗਾ। ਇਸ ਤਰ੍ਹਾਂ ਆਮਦਨ ਵਧਾਉਣ ਲਈ ਕਿਸਾਨ ਸੂਝ-ਬੂਝ ਨਾਲ ਸੋਚਣ ਲਈ ਮਜ਼ਬੂਰ ਹੋਣਗੇ, ਕਿ ਕਿਸ ਫ਼ਸਲ ਦੀ ਕਾਸ਼ਤ ਕਰਨੀ ਹੈ, ਕਿਹੜੇ ਸਹਾਇਕ ਧੰਦੇ ਅਪਣਾਉਣੇ ਹਨ, ਵੱਖੋ-ਵੱਖ ਕਿਸਮਾਂ ਹੇਠ ਕਿੰਨਾ-ਕਿੰਨਾ ਰਕਬਾ ਰੱਖਣਾ ਹੈ, ਕਿਹੜੇ ਖੇਤ ਵਿੱਚ ਕਿਹੜੀ ਕਿਸਮ ਬੀਜਣੀ ਹੈ। ਆਮਦਨ ਵਧਾਉਣ ਲਈ ਇਹ ਸਭ ਕੁਝ ਵਿਚਾਰਨ ਦੀ ਲੋੜ ਹੈ। ਕਿਹੜੇ ਬੀਜ, ਖਾਦਾਂ, ਕੀਟਨਾਸ਼ਕ ਤੇ ਕਿਹੜੇ ਖੇਤੀਬਾੜੀ ਦੇ ਸੰਦ ਲੋੜੀਂਦੇ ਹਨ, ਇਸ ਦਾ ਸਾਰਾ ਪ੍ਰਬੰਧ ਉਸ ਨੂੰ ਕਰਨਾ ਪਵੇਗਾ। ਯੋਜਨਾਬੰਦੀ ਕਰਨੀ ਪਵੇਗੀ ਕਿ ਕਣਕ-ਝੋਨੇ ਦਾ ਫ਼ਸਲੀ-ਚੱਕਰ ਘਟਾ ਕੇ ਜੋ ਫ਼ਸਲਾਂ ਪੈਦਾ ਕਰਨੀਆਂ ਹਨ, ਉਨ੍ਹਾਂ ਦਾ ਭੰਡਾਰਨ ਤੇ ਮੰਡੀਕਰਨ ਕਿਵੇਂ ਕਰਨਾ ਹੈ, ਕਿਉਂਕਿ ਉਨ੍ਹਾਂ ਦੀ ਐਮ. ਐਸ. ਪੀ. 'ਤੇ ਸਰਕਾਰੀ ਖ਼ਰੀਦ ਨਹੀਂ ਹੈ।

ਸ਼ੁੱਧ ਆਮਦਨ ਵਧਾਉਣ ਲਈ ਕਿਸਾਨਾਂ ਨੂੰ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਖੇਤੀ ਸਮੱਗਰੀ ਦਾ ਪ੍ਰਯੋਗ ਕਰਨਾ ਪਵੇਗਾ। ਹੁਣ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ 110 ਕਿਲੋ ਪ੍ਰਤੀ ਏਕੜ ਯੂਰੀਆ ਪਾਏ ਜਾਣ ਦੀ ਸਿਫ਼ਾਰਸ਼ ਨੂੰ ਅਣਗੌਲਿਆਂ ਕਰ ਕੇ 180-200 ਕਿਲੋ ਪ੍ਰਤੀ ਏਕੜ ਤੱਕ ਨਾਈਟ੍ਰੋਜਨ ਪਾਉਣ ਨਾਲ ਫ਼ਸਲ 'ਤੇ ਬਿਮਾਰੀਆਂ ਵੀ ਜ਼ਿਆਦਾ ਆਉਂਦੀਆਂ ਹਨ, ਜਿਸ ਕਾਰਨ ਕੀਟਨਾਸ਼ਕ ਤੇ ਸਪਰੇਆਂ 'ਤੇ ਕਿਸਾਨਾਂ ਨੂੰ ਵੱਧ ਖ਼ਰਚ ਕਰਨਾ ਪੈਂਦਾ ਹੈ। ਕਿਸਾਨਾਂ ਨੂੰ ਖ਼ਾਲਸ ਤੇ ਸ਼ੁੱਧ ਰਸਾਇਣਕ ਖਾਦ, ਕੀਟਨਾਸ਼ਕ, ਨਦੀਨਨਾਸ਼ਕ ਤੇ ਹੋਰ ਖੇਤੀ ਸਮੱਗਰੀ ਸ਼ੁੱਧ ਰੂਪ ਵਿੱਚ ਮੁਹੱਈਆ ਕਰਨ ਲਈ ਡਾ. ਗੁਰਜੀਤ ਸਿੰਘ ਬਰਾੜ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬੜੇ ਉਪਰਾਲੇ ਕਰ ਰਹੇ ਹਨ ਤਾਂ ਜੋ ਉਤਪਾਦਕਤਾ ਵਧੇ, ਜਿਸ ਨਾਲ ਕਿ ਕਿਸਾਨਾਂ ਦੀ ਆਮਦਨ ਵੀ ਵਧੇਗੀ।

ਉਤਪਾਦਕਤਾ ਵਧਣ ਉਪਰੰਤ ਵੀ ਕਿਸਾਨ ਵਧੇਰੇ ਕਰਜ਼ਈ ਹੁੰਦੇ ਜਾ ਰਹੇ ਹਨ। ਇੱਥੋਂ ਤੱਕ ਕਿ ਔਸਤਨ ਇਕ ਕਿਸਾਨ ਘਰਾਣੇ ਸਿਰ 2.03 ਲੱਖ ਕਰਜ਼ਾ ਹੋ ਗਿਆ ਹੈ। ਇਹ ਭਾਰਤ ਵਿੱਚ ਤੀਜੇ ਸਥਾਨ 'ਤੇ ਹੈ। ਕਿਸਾਨਾਂ ਨੂੰ ਆਪਣੀ ਖੇਤੀ ਤੇ ਯੋਜਨਾਬੰਦੀ ਨੂੰ ਮੁੱਖ ਰੱਖਦੇ ਹੋਏ ਕਰਜ਼ਾ ਲੈਣ ਦਾ ਫ਼ੈਸਲਾ ਕਰਨਾ ਚਾਹੀਦਾ ਹੈ। ਕਿਹੜੀ ਏਜੰਸੀ ਤੋਂ ਕਿੰਨਾ ਕਰਜ਼ਾ ਲੈਣਾ ਹੈ ਤੇ ਕਿੱਥੋਂ ਘੱਟ ਸੂਦ ਤੇ ਬਿਨਾਂ ਖ਼ੱਜਲ-ਖ਼ੁਆਰੀ ਤੋਂ ਮਿਲਦਾ ਹੈ, ਇਸ ਦੀ ਵੀ ਕਿਸਾਨਾਂ ਨੂੰ ਪੂਰੀ ਜਾਣਕਾਰੀ ਲੈਣ ਉਪਰੰਤ ਸਹੀ ਫ਼ੈਸਲਾ ਕਰਨਾ ਚਾਹੀਦਾ ਹੈ। ਕਿਸਾਨ ਮੇਲੇ ਵੀ ਬੀਜ ਵੇਚਣ ਦੇ ਕੇਂਦਰ ਤੇ ਵਪਾਰੀਆਂ ਦੀਆਂ ਨੁਮਾਇਸ਼ਾਂ ਲਾ ਕੇ ਸਿਰਫ਼ ਆਮਦਨ ਪ੍ਰਾਪਤੀ ਦਾ ਜ਼ਰੀਆ ਹੀ ਨਹੀਂ ਬਣਨੇ ਚਾਹੀਦੇ, ਸਗੋਂ ਸਹੀ ਤੌਰ 'ਤੇ ਕਿਸਾਨਾਂ ਤੱਕ ਖੋਜ ਤੇ ਦਰਪੇਸ਼ ਮੁਸ਼ਕਿਲਾਂ ਦਾ ਹੱਲ ਲੱਭ ਕੇ ਉਨ੍ਹਾਂ ਨੂੰ ਸਹੀ ਸੋਚ ਦੇਣ ਦੇ ਕੇਂਦਰ ਹੋਣ। ਆਮ ਕਿਸਾਨਾਂ ਵਿੱਚ ਯੋਜਨਾਬੰਦੀ ਦੀ ਰੁਚੀ ਬੜੀ ਘੱਟ ਹੈ। ਕਿਸਾਨਾਂ ਨੂੰ ਖੇਤੀ ਮਾਹਿਰਾਂ ਤੋਂ ਸੇਧ ਲੈ ਕੇ ਸਹੀ ਢੰਗ ਨਾਲ ਯੋਜਨਾਬੰਦੀ ਕਰਨ ਦੀ ਲੋੜ ਹੈ। ਇਸੇ ਨਾਲ ਹੀ ਉਨ੍ਹਾਂ ਦੀ ਆਮਦਨੀ ਵਿੱਚ ਵਾਧਾ ਹੋਵੇਗਾ। ਫ਼ਸਲੀ-ਭਿੰਨਤਾ ਪੱਖੋਂ ਮਾਹਿਰਾਂ ਤੇ ਖੋਜ ਸੰਸਥਾਵਾਂ ਨੂੰ ਕਿਸਾਨਾਂ ਨਾਲ ਤਾਲਮੇਲ ਕਰ ਕੇ ਅਜਿਹੀਆਂ ਫ਼ਸਲਾਂ ਤੇ ਉਨ੍ਹਾਂ ਦੀਆਂ ਲਾਹੇਵੰਦ ਕਿਸਮਾਂ ਮੁਹੱਈਆ ਕਰਨੀਆਂ ਚਾਹੀਦੀਆਂ ਹਨ, ਜੋ ਝੋਨੇ ਜਿੰਨਾ ਮੁਨਾਫ਼ਾ ਦੇਣ। ਇਸ ਵੇਲੇ ਵਰਤਮਾਨ ਫ਼ਸਲੀ-ਚੱਕਰ ਵਿੱਚ ਉਨ੍ਹਾਂ ਦੀ ਸ਼ੁੱਧ ਆਮਦਨ ਕਣਕ 'ਤੇ ਘੱਟ ਪਰ ਝੋਨੇ 'ਤੇ ਵਧੇਰੇ ਆਧਾਰਿਤ ਹੈ, ਕਿਉਂਕਿ ਕਣਕ ਨਾਲੋਂ ਵੱਧ ਮੁਨਾਫ਼ਾ ਝੋਨਾ ਦਿੰਦਾ ਹੈ।

ਸਰਕਾਰੀ ਉਤਾਹ ਦੇ ਰਹੇ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਰਫਤਾਰ

ਅਵਿਨਾਸ਼ ਜੋਸ਼ੀ, ਸਕੱਤਰ, ਕੇਂਦਰੀ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲਾ

ਅੱਜ ਭਾਰਤ ਆਪਣੀ ਆਰਥਿਕ ਯਾਤਰਾ ਦੇ ਇੱਕ ਮਹੱਤਵਪੂਰਨ ਮੋੜ 'ਤੇ ਖੜ੍ਹਾ ਹੈ। ਜਿਵੇਂ-ਜਿਵੇਂ ਦੇਸ਼ ਵਿਦੇਸ਼ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਬਣਨ ਵੱਲ ਵੱਧ ਰਿਹਾ ਹੈ, ਵਿਕਾਸ ਨੂੰ ਨਾ ਸਿਰਫ਼ ਉਤਪਾਦਨ ਦੀ ਮਾਤਰਾ ਨਾਲ, ਸਗੋਂ ਸਿਰਜੇ ਗਏ ਮੁੱਲ ਨਾਲ ਵੀ ਮਾਪਣਾ ਜ਼ਰੂਰੀ ਹੁੰਦਾ ਜਾ ਰਿਹਾ ਹੈ।

ਫੂਡ ਪ੍ਰੋਸੈਸਿੰਗ ਖੇਤਰ ਦੀ ਤੁਲਨਾ ਵਿੱਚ ਸ਼ਾਇਦ ਹੀ ਕੋਈ ਹੋਰ ਖੇਤਰ ਇਸ ਤਬਦੀਲੀ ਨੂੰ ਇੰਨੇ ਸਪੱਸ਼ਟ ਰੂਪ ਵਿੱਚ ਦਰਸਾਉਂਦਾ ਹੋਵੇ। ਭਾਰਤ ਅਨਾਜ, ਫਲ, ਸਬਜ਼ੀਆਂ, ਦੁੱਧ ਅਤੇ ਸਮੁੰਦਰੀ ਉਤਪਾਦਾਂ ਦੇ ਸਭ ਤੋਂ ਵੱਡੇ ਉਤਪਾਦਕਾਂ ਵਿੱਚੋਂ ਇੱਕ ਹੈ। ਦਹਾਕਿਆਂ ਤੋਂ ਸਾਡੀ ਖੇਤੀਬਾੜੀ ਸ਼ਕਤੀ ਨੇ ਦੇਸ਼ ਦੀ ਖੁਰਾਕ ਸੁਰੱਖਿਆ ਯਕੀਨੀ ਬਣਾਈ ਹੈ। ਫਿਰ ਵੀ ਇਸ ਉਪਜ ਦਾ ਇੱਕ ਵੱਡਾ ਹਿੱਸਾ ਰਵਾਇਤੀ ਤੌਰ 'ਤੇ ਸੀਮਤ ਮੁੱਲ ਵਾਧੇ ਦੇ ਨਾਲ ਸਿੱਧਾ ਖੇਤ ਤੋਂ ਬਾਜ਼ਾਰ ਤੱਕ ਪਹੁੰਚਦਾ ਸੀ।

ਅੱਜ ਭਾਰਤ ਦੇ ਖੇਤੀਬਾੜੀ ਉਤਪਾਦਨ ਦਾ ਸਿਰਫ਼ 12-13 ਫ਼ੀਸਦੀ ਹੀ ਪ੍ਰੋਸੈਸਿੰਗ ਵਿੱਚੋਂ ਗੁਜ਼ਰਦਾ ਹੈ। ਉਤਪਾਦਨ ਅਤੇ ਪ੍ਰੋਸੈਸਿੰਗ ਦੇ ਵਿਚਾਲੇ ਦਾ ਇਹ ਫਰਕ ਭਾਰਤੀ ਅਰਥਵਿਵਸਥਾ ਦੇ ਸਭ ਤੋਂ ਵੱਡੇ ਮੌਕਿਆਂ ਵਿੱਚੋਂ ਇੱਕ ਹੈ।

ਇਸ ਲਈ ਭਾਰਤ ਦੀ ਖੁਰਾਕ ਯਾਤਰਾ ਦਾ ਅਗਲਾ ਪੜਾਅ ਸਪੱਸ਼ਟ ਹੈ- ਖੇਤੀ ਦੀ ਬਹੁਤਾਤ ਨੂੰ ਉੱਚ ਮੁੱਲ ਵਾਲੇ, ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ ਖੁਰਾਕੀ ਉਤਪਾਦਾਂ ਵਿੱਚ ਤਬਦੀਲ ਕਰਨਾ।

ਇਸ ਮੌਕੇ ਨੂੰ ਪਛਾਣਦੇ ਹੋਏ ਸਰਕਾਰ ਨੇ ਮਾਰਚ 2021 ਵਿੱਚ ਫੂਡ ਪ੍ਰੋਸੈਸਿੰਗ ਉਦਯੋਗ ਲਈ ਉਤਪਾਦਨ ਆਧਾਰਿਤ ਉਤਸ਼ਾਹ ਯੋਜਨਾ ਸ਼ੁਰੂ ਕੀਤੀ, ਜਿਸ ਲਈ 10,900 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ। ਇਹ ਯੋਜਨਾ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਵੱਲੋਂ 2021-22 ਤੋਂ 2026-27 ਤੱਕ 6 ਸਾਲਾਂ ਦੀ ਮਿਆਦ ਵਿੱਚ ਲਾਗੂ ਕੀਤੀ ਜਾ ਰਹੀ ਹੈ।

ਇਸ ਯੋਜਨਾ ਦਾ ਮੂਲ ਵਿਚਾਰ ਸਰਲ ਪਰ ਸ਼ਕਤੀਸ਼ਾਲੀ ਹੈ-ਉਨ੍ਹਾਂ ਕੰਪਨੀਆਂ ਨੂੰ ਪੁਰਸਕਾਰ ਦੇਣਾ, ਜੋ ਫੂਡ ਪ੍ਰੋਸੈਸਿੰਗ ਸਮਰੱਥਾ, ਨਵੀਨਤਾ ਅਤੇ ਗਲੋਬਲ ਬ੍ਰਾਂਡਿੰਗ ਦੇ ਵਿਸਤਾਰ ਵਿੱਚ ਨਿਵੇਸ਼ ਕਰਦੀਆਂ ਹਨ। ਅੰਤ ਵਿੱਚ ਇਹ ਯੋਜਨਾ ਭਾਰਤ ਤੋਂ ਕਈ ਗਲੋਬਲ ਫੂਡ ਮੈਨੂਫੈਕਚਰਿੰਗ ਚੈਂਪੀਅਨ ਤਿਆਰ ਕਰਦੀ ਹੈ, ਉਨ੍ਹਾਂ ਨੂੰ ਇਨ-ਸੈਂਟਰ ਬ੍ਰਾਂਡਿੰਗ, ਅੰਤਰਰਾਸ਼ਟਰੀ ਰਿਟੇਲ ਚੇਨਾਂ ਵਿੱਚ ਸ਼ੈਲਫ ਸਪੇਸ ਅਤੇ ਗਲੋਬਲ ਮਾਰਕੀਟਿੰਗ ਮੁਹਿੰਮਾਂ ਵਿੱਚ ਨਿਵੇਸ਼ ਕਰਨ ਲਈ ਫੰਡ ਮੁਹੱਈਆ ਕਰਵਾਉਂਦੀ ਹੈ।

ਰਣਨੀਤਕ ਡਿਜ਼ਾਈਨ-ਇੱਕ ਆਧੁਨਿਕ ਫੂਡ ਈਕੋਸਿਸਟਮ ਦਾ ਨਿਰਮਾਣ : ਪੀ. ਐੱਲ. ਆਈ. ਐੱਸ. ਐੱਫ. ਪੀ. ਆਈ. ਯੋਜਨਾ ਨੂੰ 3 ਪ੍ਰਮੁੱਖ ਥੰਮ੍ਹਾਂ ਦੇ ਆਲੇ-ਦੁਆਲੇ ਸਾਵਧਾਨੀ ਨਾਲ ਤਿਆਰ ਕੀਤਾ ਗਿਆ ਹੈ।

ਉੱਚ ਸਮਰੱਥਾ ਵਾਲੇ ਖੁਰਾਕ ਖੇਤਰਾਂ ਨੂੰ ਉਤਸ਼ਾਹ ਦੇਣਾ : ਪਹਿਲੇ ਹਿੱਸੇ ਦਾ ਧਿਆਨ ਰੈਡੀ-ਟੂ-ਕੁੱਕ ਅਤੇ ਰੈਡੀ-ਟੂ-ਈਟ ਖੁਰਾਕੀ ਪਦਾਰਥਾਂ-ਪ੍ਰੋਸੈਸਡ ਫਲ ਅਤੇ ਸਬਜ਼ੀਆਂ, ਸਮੁੰਦਰੀ ਉਤਪਾਦਾਂ ਵਰਗੀਆਂ ਪ੍ਰਮੁੱਖ ਖੁਰਾਕ ਸ਼੍ਰੇਣੀਆਂ ਵਿੱਚ ਉਤਪਾਦਨ 'ਤੇ ਕੇਂਦਰਿਤ ਹੈ।

ਨਵੀਨਤਾ ਅਤੇ ਲਘੂ ਤੇ ਦਰਮਿਆਨੇ ਉਦਯੋਗ (ਐੱਮ. ਐੱਸ. ਐੱਮ. ਈ.) ਦੀ ਹਿੱਸੇਦਾਰੀ ਨੂੰ ਉਤਸ਼ਾਹ ਕਰਨਾ : ਦੂਜਾ ਹਿੱਸਾ ਲਘੂ ਅਤੇ ਦਰਮਿਆਨੇ ਉਦਯੋਗਾਂ ਵੱਲੋਂ ਵਿਕਸਿਤ ਨਵੀਨਤਾਕਾਰੀ ਜੈਵਿਕ ਖੁਰਾਕੀ ਉਤਪਾਦਾਂ ਦਾ ਸਮਰੱਥਨ ਕਰਦਾ ਹੈ। ਲਘੂ ਅਤੇ ਦਰਮਿਆਨੇ ਉਦਯੋਗ ਭਾਰਤ ਦੇ ਖੁਰਾਕ ਖੇਤਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਸਮਾਵੇਸ਼ੀ ਵਿਕਾਸ ਲਈ ਆਧੁਨਿਕ ਸਪਲਾਈ ਚੇਨਾਂ ਵਿੱਚ ਉਨ੍ਹਾਂ ਦਾ ਏਕੀਕਰਨ ਜ਼ਰੂਰੀ ਹੈ।

2023 ਵਿੱਚ ਬਾਜ਼ਰੇ ਦੇ ਅੰਤਰਰਾਸ਼ਟਰੀ ਸਾਲ ਦੇ ਮੌਕੇ 'ਤੇ ਮੰਤਰਾਲੇ ਨੇ ਰੈਡੀ-ਟੂ-ਕੁੱਕ ਅਤੇ ਰੈਡੀ-ਟੂ-ਈਟ ਉਤਪਾਦਾਂ ਵਿੱਚ ਬਾਜਰੇ ਦੀ ਵਰਤੋਂ ਨੂੰ ਉਤਸ਼ਾਹਤ ਕਰਨ ਲਈ ਪੀ. ਐੱਲ. ਆਈ. ਯੋਜਨਾ ਤਹਿਤ ਇੱਕ ਵਿਸ਼ੇਸ਼ ਪਹਿਲ ਸ਼ੁਰੂ ਕੀਤੀ। ਬਾਜਰਾ ਜਲਵਾਯੂ ਤਬਦੀਲੀ ਦੇ ਪ੍ਰਤੀ ਰੋਧਕ, ਬਹੁਤ ਜ਼ਿਆਦਾ ਪੌਸ਼ਟਿਕ ਹੁੰਦਾ ਹੈ ਅਤੇ ਭਾਰਤ ਦੀਆਂ ਖੇਤੀਬਾੜੀ ਪ੍ਰੰਪਰਾਵਾਂ ਵਿੱਚ ਡੂੰਘਾ ਜੁੜਿਆ ਹੋਇਆ ਹੈ। ਆਧੁਨਿਕ ਪ੍ਰੋਸੈਸਡ ਖੁਰਾਕੀ ਪਦਾਰਥਾਂ ਵਿੱਚ ਬਾਜਰੇ ਨੂੰ ਸ਼ਾਮਲ ਕਰ ਕੇ ਇਹ ਯੋਜਨਾ ਇੱਕੋ ਸਮੇਂ ਪੋਸ਼ਣ ਸੁਰੱਖਿਆ ਅਤੇ ਜਲਵਾਯੂ-ਅਨੁਕੂਲ ਖੇਤੀਬਾੜੀ ਨੂੰ ਹੁਲਾਰਾ ਦਿੰਦੀ ਹੈ।

ਜ਼ਿਕਰਯੋਗ ਹੈ ਕਿ ਇਸ ਯੋਜਨਾ ਦਾ ਮੂਲ ਰੋਜ਼ਗਾਰ ਟੀਚਾ 25 ਲੱਖ ਨੌਕਰੀਆਂ ਸੀ। ਇਸ ਖੇਤਰ ਨੂੰ ਪਹਿਲਾਂ ਹੀ ਇਸ ਟੀਚੇ ਦਾ 131 ਫ਼ੀਸਦੀ ਹਾਸਲ ਕਰ ਲਿਆ ਹੈ।

ਪੀ. ਐੱਲ. ਆਈ. ਸਮਰਥਿਤ ਕੰਪਨੀਆਂ ਵੱਲੋਂ ਪ੍ਰਮੁੱਖ ਕੀਤੇ ਗਏ ਖੇਤੀ ਉਤਪਾਦਾਂ ਦੀ ਵਿਕਰੀ ਵਿੱਚ ਵੀ 2019-20 ਤੋਂ 13.23 ਫ਼ੀਸਦੀ ਦੀ ਸਾਲਾਨਾ ਦਰ ਨਾਲ ਵਾਧਾ ਦਰਜ ਕੀਤਾ ਗਿਆ ਹੈ। (2019-20 ਤੋਂ ਬਰਾਮਦ ਰੈਕਿੰਗ ਵਿੱਚ 7.41 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਯੋਜਨਾ ਤਹਿਤ ਹੁਣ ਤੱਕ 2715 ਕਰੋੜ ਰੁਪਏ ਦੀ ਉਤਸ਼ਾਹ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ, ਜੋ ਕੁੱਲ ਬਜਟ ਦਾ ਲੱਗਭਗ 25 ਫ਼ੀਸਦੀ ਹੈ। ਇਹ ਸਾਬਤ ਕਰਦਾ ਹੈ ਕਿ ਫੂਡ ਪ੍ਰੋਸੈਸਿੰਗ ਭਾਰਤ ਦੇ ਨਿਰਮਾਣ ਤੰਤਰ ਵਿੱਚ ਸਭ ਤੋਂ ਵੱਧ ਰੋਜ਼ਗਾਰ ਸਿਰਜਣ ਵਾਲੇ ਖੇਤਰਾਂ ਵਿੱਚੋਂ ਇੱਕ ਹੈ।

ਖਪਤਕਾਰਾਂ ਦੀ ਬਦਲਦੀ ਜੀਵਨਸ਼ੈਲੀ ਪ੍ਰਤੀ ਪ੍ਰਤੀਕਿਰਿਆ ਦੇਣਾ : ਭਾਰਤ ਵਿੱਚ ਹੋ ਰਹੀ ਜਨਸੰਖਿਆ ਤਬਦੀਲੀ ਦਾ ਅਸਰ ਖੁਰਾਕ ਉਦਯੋਗ 'ਤੇ ਵੀ ਪੈ ਰਿਹਾ ਹੈ। ਸ਼ਹਿਰੀਕਰਨ ਵੱਲ ਵੱਧ ਰਹੀ ਨੌਜਵਾਨ ਆਬਾਦੀ ਦੀਆਂ ਵਧਦੀਆਂ ਮੰਗਾਂ ਇਸ ਤਰ੍ਹਾਂ ਹਨ। ਸੁਵਿਧਾਜਨਕ ਖੁਰਾਕੀ ਹੱਲ, ਸਾਫ਼-ਸੁਥਰੀ ਪੈਕੇਜਿੰਗ, ਸੁਰੱਖਿਆ ਅਤੇ ਪੌਸ਼ਟਿਕ ਰੈਡੀ-ਟੂ-ਈਟ ਉਤਪਾਦ ਬੈਂਗਲੁਰੂ, ਮੁੰਬਈ ਜਾਂ ਦਿੱਲੀ ਵਰਗੇ ਸ਼ਹਿਰਾਂ ਵਿੱਚ ਕੰਮ ਕਰਨ ਵਾਲੇ ਪੇਸ਼ੇਵਰ ਅਕਸਰ ਗੁਣਵੱਤਾ ਭਰਪੂਰ ਰੈਡੀ-ਟੂ-ਕੁੱਕ ਜਾਂ ਰੈਡੀ-ਟੂ-ਈਟ ਭੋਜਨ ਦੀ ਭਾਲ ਕਰਦੇ ਹਨ, ਜੋ ਉਨ੍ਹਾਂ ਦੀ ਤੇਜ਼ ਰਫ਼ਤਾਰ ਜੀਵਨ-ਸ਼ੈਲੀ ਦੇ ਅਨੁਕੂਲ ਹੋਵੇ।

ਭਾਰਤ ਦੀ ਖੇਤੀ ਸੰਪਦਾ ਇਸ ਦੀ ਸਭ ਤੋਂ ਵੱਡੀ ਤਾਕਤ ਵਿੱਚੋਂ ਇੱਕ ਹੈ। ਸਾਡੇ ਸਾਹਮਣੇ ਚੁਣੌਤੀ ਇਸ ਬਹੁਤਾਤ ਨੂੰ ਸਥਾਈ ਆਰਥਿਕ ਮੁੱਲ ਵਿੱਚ ਤਬਦੀਲ ਕਰਨਾ ਹੈ। ਫੂਡ ਪ੍ਰੋਸੈਸਿੰਗ ਉਦਯੋਗ ਲਈ ਉਤਪਾਦਨ-ਆਧਾਰਿਤ ਉਤਸ਼ਾਹ ਯੋਜਨਾ ਇਸ ਤਬਦੀਲੀ ਨੂੰ ਰਫ਼ਤਾਰ ਦੇਣ ਵਿੱਚ ਸਹਾਇਕ ਸਿੱਧ ਹੋ ਰਹੀ ਹੈ ਅਤੇ ਖੁਰਾਕ ਸੁਰੱਖਿਆ ਤੋਂ ਗਲੋਬਲ ਫੂਡ ਲੀਡਰਸ਼ਿਪ ਵੱਲ ਦਾ ਸਫ਼ਰ ਜਲਦੀ ਹੀ ਸਾਕਾਰ ਹੋਣ ਵਾਲਾ ਹੈ।

('ਆਈ. ਈ.' ਤੋਂ ਧੰਨਵਾਦ ਸਹਿਤ)

ਬਾਇਓ ਗੈਸ ਪਲਾਂਟ ਨਾਲ ਜੰਗ ਦੀ ਮਾਰ ਨੂੰ ਟੱਕਰ

ਕਿਲਾ ਦਰਸ਼ਨ ਸਿੰਘ ਦਾ ਕਾਰੋਬਾਰੀ ਆਪਣੇ ਤੇ 18 ਹੋਰ ਪਰਿਵਾਰਾਂ ਨੂੰ ਦੇ ਰਿਹੈ ਗੈਸ

ਦੇਸ਼ ਵਿੱਚ ਇੱਕ ਪਾਸੇ ਜਿੱਥੇ ਲੋਕ ਗੈਸ ਦੀ ਕਮੀ ਨਾਲ ਜੂਝ ਰਹੇ ਹਨ, ਉੱਥੇ ਬਾਇਓਗੈਸ ਦੀ ਵਰਤੋਂ ਕਰਨ ਵਾਲੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ ਆ ਰਹੀ ਹੈ। ਹਾਲ ਹੀ ਵਿੱਚ ਬਟਾਲਾ ਵਿੱਚ ਸਿਲੰਡਰਾਂ ਦੀ ਅਣਉਪਲੱਬਧਤਾ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕੀਤੇ ਗਏ ਸਨ। ਇਸ ਸੰਕਟ ਦੇ ਵਿਚਕਾਰ, ਬਟਾਲਾ ਦੇ ਕਿਲਾ ਦਰਸ਼ਨ ਸਿੰਘ ਤੋਂ ਇੱਕ ਪ੍ਰੇਰਣਾਦਾਇਕ ਤਸਵੀਰ ਸਾਹਮਣੇ ਆਈ ਹੈ। ਸੁਖਜਿੰਦਰ ਸਿੰਘ ਘੁੰਮਣ ਜੋ ਕਿ ਪੋਲਟਰੀ ਫਾਰਮ ਦੇ ਨਾਲ ਡੇਅਰੀ ਫਾਰਮਿੰਗ ਵੀ ਕਰਦੇ ਆ ਰਹੇ ਹਨ, ਦੇ ਵੱਲੋਂ ਘਰ ਵਿੱਚ ਬਾਇਓ ਗੈਸ ਦਾ ਪ੍ਰੋਜੈਕਟ ਲਾਇਆ ਹੋਇਆ ਹੈ, ਜਿਸ ਕਾਰਨ ਉਹਨਾਂ ਦਾ ਪਰਿਵਾਰ ਪੂਰੀ ਤਰ੍ਹਾਂ ਸਵੈ-ਨਿਰਭਰ ਹੈ। ਉਨ੍ਹਾਂ ਨੇ ਤਕਨਾਲੋਜੀ ਅਤੇ ਪਰੰਪਰਾ ਨੂੰ ਇਸ ਹੱਦ ਤੱਕ ਜੋੜਿਆ ਹੈ ਕਿ ਉਨ੍ਹਾਂ ਨੂੰ ਗੈਸ ਏਜੰਸੀਆਂ ਵਿੱਚ ਜਾਣ ਦੀ ਜ਼ਰੂਰਤ ਨਹੀਂ ਹੈ।

ਇਹ ਪਰਿਵਾਰ ਗੋਬਰ ਤੋਂ ਘਰ ਵਿੱਚ ਗੈਸ ਪੈਦਾ ਕਰਦਾ ਹੈ। ਕਿਸਾਨ ਸੁਖਜਿੰਦਰ ਸਿੰਘ ਘੁੰਮਣ ਨੇ ਦੱਸਿਆ ਕਿ ਗਰਮੀਆਂ ਦੌਰਾਨ ਗੋਬਰ ਤੋਂ ਭਰਪੂਰ ਗੈਸ ਪੈਦਾ ਹੁੰਦੀ ਹੈ, ਹਾਲਾਂਕਿ ਸਰਦੀਆਂ ਵਿੱਚ ਕਦੇ-ਕਦੇ ਸਮੱਸਿਆਵਾਂ ਆਉਂਦੀਆਂ ਹਨ, ਜਿਸ ਦਾ ਪ੍ਰਬੰਧ ਉਹ ਗੈਸ ਸਿਲੰਡਰਾਂ ਨਾਲ ਕਰਦੇ ਹਨ। ਜਿੱਥੇ ਆਮ ਲੋਕ ਸਿਲੰਡਰ ਦੀਆਂ ਵਧਦੀਆਂ ਕੀਮਤਾਂ ਅਤੇ ਘਾਟਾਂ ਤੋਂ ਪ੍ਰੇਸ਼ਾਨ ਹਨ, ਉੱਥੇ ਹੀ ਉਨ੍ਹਾਂ ਦੇ ਬਾਲਣ ਦੇ ਖਰਚੇ, ਲਗਭਗ ਜ਼ੀਰੋ ਹਨ।

ਕਿਲਾ ਦਰਸ਼ਨ ਸਿੰਘ ਦੇ ਵਸਨੀਕ ਕਾਰੋਬਾਰੀ ਕਿਸਾਨ ਸੁਖਜਿੰਦਰ ਸਿੰਘ ਘੁੰਮਣ ਨੇ ਕਿਹਾ ਕਿ ਉਹ ਇੱਕ ਡੇਅਰੀ ਫਾਰਮ ਚਲਾਉਂਦੇ ਹਨ ਅਤੇ ਉਨ੍ਹਾਂ ਕੋਲ ਲਗਭਗ 200 ਮੱਝਾਂ-ਗਾਵਾਂ ਹਨ। ਇਸ ਤੋਂ ਇਲਾਵਾ ਉਹ ਪੋਲਟਰੀ ਫਾਰਮ ਦਾ ਵੀ ਕੰਮ ਕਰਦੇ ਹਨ। ਉਨ੍ਹਾਂ ਨੇ 2012 ਵਿੱਚ ਇੱਕ ਬਾਇਓਗੈਸ ਪਲਾਂਟ ਨਾਲ ਸ਼ੁਰੂਆਤ ਕੀਤੀ ਸੀ ਅਤੇ ਹੁਣ ਤਿੰਨ ਬਾਇਓਗੈਸ ਪਲਾਂਟ ਚਲਾਉਂਦੇ ਹਨ। ਉਨ੍ਹਾਂ ਲਈ ਕੰਮ ਕਰਨ ਵਾਲੇ ਮਜ਼ਦੂਰ 16 ਕੁਆਰਟਰਾਂ ਵਿੱਚ ਰਹਿੰਦੇ ਹਨ ਅਤੇ ਉਹਨਾਂ ਦੇ ਗੋਬਰ ਗੈਸ ਪਲਾਂਟ ਤੋਂ ਸਾਰੇ 16 ਪਰਿਵਾਰਾਂ ਨੂੰ ਬਾਇਓਗੈਸ ਸਪਲਾਈ ਕੀਤੀ ਜਾਂਦੀ ਹੈ। ਉਹ ਆਪਣੇ ਦਫ਼ਤਰ ਅਤੇ ਘਰ ਵਿੱਚ ਬਾਇਓਗੈਸ ਦੀ ਵਰਤੋਂ ਵੀ ਕਰਦੇ ਹਨ, ਲਗਭਗ 25 ਤੋਂ 30 ਗੈਸ ਸਟੋਵ ਚਲਾਉਂਦੇ ਹਨ।

ਪਲਾਂਟ ਰਾਹੀਂ ਤਿਆਰ ਹੁੰਦੀ ਹੈ ਕੁਦਰਤੀ ਗੈਸ

ਸੁਖਜਿੰਦਰ ਸਿੰਘ ਘੁੰਮਣ ਨੇ ਦੱਸਿਆ ਕਿ ਗੈਸ ਇੱਕ ਕੁਦਰਤੀ ਪ੍ਰਕਿਰਿਆ ਰਾਹੀਂ ਪਸ਼ੂਆਂ ਦੇ ਗੋਬਰ ਤੋਂ ਤਿਆਰ ਕੀਤੀ ਜਾਂਦੀ ਹੈ ਅਤੇ ਇਸ ਨੂੰ ਖਾਣਾ ਪਕਾਉਣ ਅਤੇ ਊਰਜਾ ਲਈ ਪੂਰੀ ਤਰ੍ਹਾਂ ਸੁਰੱਖਿਅਤ ਮੰਨਿਆ ਜਾਂਦਾ ਹੈ। ਇਹ ਗੈਸ ਐਨਾਇਰੋਬਿਕ ਪਾਚਨ ਨਾਮਕ ਪ੍ਰਕਿਰਿਆ ਰਾਹੀਂ ਪੈਦਾ ਹੁੰਦੀ ਹੈ। ਪਸ਼ੂਆਂ ਦੇ ਤਾਜ਼ੇ ਗੋਬਰ ਨੂੰ ਪਾਣੀ ਵਿੱਚ ਬਰਾਬਰ ਮਾਤਰਾ ਵਿੱਚ ਮਿਲਾਇਆ ਜਾਂਦਾ ਹੈ ਤਾਂ ਜੋ ਇੱਕ ਮੋਟੀ ਸਲਰੀ ਬਣਾਈ ਜਾ ਸਕੇ। ਇਸ ਸਲਰੀ ਨੂੰ ਫਿਰ ਬਾਇਓਗੈਸ ਪਲਾਂਟ ਜਾਂ ਡਾਇਜੈਸਟਰ ਨਾਮਕ ਇੱਕ ਏਅਰਟਾਈਟ ਟੈਂਕ ਵਿੱਚ ਡੋਲ੍ਹਿਆ ਜਾਂਦਾ ਹੈ। ਆਕਸੀਜਨ ਦੀ ਅਣਹੋਂਦ ਕਾਰਨ, ਮੀਥੇਨੋਜੈਨਿਕ ਬੈਕਟੀਰੀਆ ਟੈਂਕ ਦੇ ਅੰਦਰ ਵਧਦੇ ਹਨ।

ਵਿਸਾਖੀ ਨੂੰ ਵਿਸ਼ਵ ਮਨੁੱਖੀ ਬਰਾਬਰੀ ਦਿਵਸ ਦੇ ਰੂਪ ਵਿਚ ਮਨਾਇਆ ਜਾਵੇ

ਡਾ. ਰਣਜੀਤ ਸਿੰਘ

ਇਸ ਸੰਸਾਰ ਵਿਚ ਜਦੋਂ ਵੀ ਧਰਮ ਦੀ ਹਾਨੀ ਹੋਈ, ਮਨੁੱਖੀ ਕਦਰਾਂ ਕੀਮਤਾਂ ਦਾ ਘਾਣ ਹੋਇਆ ਅਤੇ ਜ਼ੁਲਮ ਨੇ ਪੈਰ ਪਸਾਰੇ ਪਰਮਾਤਮਾ ਨੇ ਕਿਸੇ ਨਾ ਕਿਸੇ ਪਗੰਬਰ ਨੂੰ ਇਸ ਧਰਤੀ ਉਤੇ ਭੇਜਿਆ ਤਾਂ ਜੋ ਕੁਰਾਹੇ ਪਈ ਲੋਕਾਈ ਨੂੰ ਸਿੱਧਾ ਰਾਹ ਵਿਖਾਇਆ ਜਾ ਸਕੇ। ਗੁਰੂ ਨਾਨਕ ਸਾਹਿਬ ਜੀ ਸੰਸਾਰ ਦੇ ਪਹਿਲੇ ਯੁੱਗ ਪੁਰਸ਼ ਹੋਏ ਹਨ ਜਿਨ੍ਹਾਂ ਨੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਵਿਤਕਰਿਆਂ ਵਿਰੁੱਧ ਅਵਾਜ ਬੁਲੰਦ ਕੀਤੀ। ਜਦੋਂ ਤੋਂ ਸੰਸਾਰ ਵਿਚ ਮਨੁੱਖੀ ਸਮਾਜ ਹੋਂਦ ਵਿਚ ਆਇਆ ਹੈ ਮਨੁੱਖਾਂ ਵਿਚ ਵਿਤਕਰਾ ਬਣਿਆ ਹੋਇਆ ਹੈ। ਦਾਸ ਦਾਸੀਆਂ ਦੀ ਪ੍ਰਥਾ ਮੁਢ ਕਦੀਮ ਤੋਂ ਹੈ। ਜਦੋਂ ਗੁਰੂ ਨਾਨਕ ਜੀ ਦਾ ਆਗਮਨ ਹੋਇਆ ਉਦੋਂ ਵੀ ਮਨੁੱਖੀ ਸਮਾਜ ਉਚ ਨੀਚ ਤੇ ਜਾਤ ਪਾਤ ਦੇ ਬੰਧਨਾਂ ਵਿਚ ਬਝਿਆ ਹੋਇਆ ਸੀ। ਲੋਕਾਈ ਦੀ ਬਹੁਗਿਣਤੀ ਨੂੰ ਸ਼ੂਦਰ ਆਖ ਪਸ਼ੂਆਂ ਨਾਲੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਇਸ ਨਾਬਰਾਬਰੀ ਦੇ ਵਿਰੁੱਧ ਗੁਰੂ ਨਾਨਕ ਸਾਹਿਬ ਵੱਲੋਂ ਵਿਢੀ ਮੁਹਿੰਮ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਮਲੀ ਰੂਪ ਦੇ ਕੇ ਖਾਲਸੇ ਦੀ ਸਿਰਜਣਾ ਕਰਕੇ ਸੰਸਾਰ ਵਿਚੋਂ ਮਨੁੱਖੀ ਵਿਤਕਰਿਆਂ ਨੂੰ ਮੇਟ ਸਭਨਾਂ ਨੂੰ ਬਰਾਬਰੀ ਦੀ ਬਖਸ਼ਿਸ਼ ਕੀਤੀ। ਉਨ੍ਹਾਂ ਆਪਣੇ ਕਥਨ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਨੂੰ ਅਮਲੀ ਰੂਪ ਦਿੱਤਾ। ਧਰਮ, ਜਾਤ, ਰੰਗ, ਨਸਲ, ਅਮੀਰੀ ਆਦਿ ਕਾਰਨ ਪਏ ਮਨੁੱਖੀ ਵਿਤਕਰਿਆਂ ਨੂੰ ਇਕੋ ਝਟਕੇ ਨਾਲ ਤੋੜ ਸਭਨਾਂ ਨੂੰ ਇਕੋ ਨਾਮ ਅਤੇ ਸਰੂਪ ਦੀ ਬਖਸ਼ਿਸ਼ ਕੀਤੀ। ਉਨ੍ਹਾਂ ਕੇਵਲ ਸਮਾਜਿਕ ਬਰਾਬਰੀ ਹੀ ਸਥਾਪਿਤ ਨਹੀਂ ਕੀਤੀ ਸਗੋਂ ਅੰਮ੍ਰਿਤ ਦੀ ਦਾਤ ਨਾਲ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ ਤੇ ਨਿਉਟਿਆਂ ਨੂੰ ਓਟ ਪ੍ਰਦਾਨ ਕੀਤੀ। ਜਿਹੜੇ ਲੋਕ ਆਪਣੇ ਆਪ ਨੂੰ ਨਿਮਾਣੇ, ਨਿਤਾਣੇ ਅਤੇ ਲਿਤਾੜੇ ਹੋਏ ਸਮਝ ਨਰਕ ਦਾ ਜੀਵਨ ਜੀ ਰਹੇ ਸਨ ਉਨ੍ਹਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸੱਚ ਤੇ ਹੱਕ ਦੀ ਲੜਾਈ ਲਈ ਆਪਣੇ ਆਪ ਨੂੰ ਤਿਆਰ ਕੀਤਾ। ਇਨ੍ਹਾਂ ਕਿਰਤੀਆਂ ਨੇ ਜਦੋਂ ਹਥਿਆਰ ਚੁੱਕੇ ਤਾਂ ਉਸ ਵੇਲੇ ਦੀ ਸਭ ਤੋਂ ਵੱਡੀ ਜਾਲਿਮ ਹਕੂਮਤ ਦਾ ਤਖਤਾਪਲਟ ਕੇ ਰੱਖ ਦਿੱਤਾ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜੇ ਲੋਕੀਂ ਸੰਤ ਸਿਪਾਹੀ ਦਾ ਰੂਪ ਬਣੇ ਜਿਹੜੇ ਗ੍ਰਹਿਸਥੀ ਜੀਵਨ ਵਿਚ ਸੰਤ ਵਾਲਾ ਜੀਵਨ ਜੀਉਂਦੇ ਸਨ ਪਰ ਜੁਲਮ ਵਿਰੁੱਧ ਲੜਣ ਅਤੇ ਮਜਲੂਮਾਂ ਦੀ ਰਾਖੀ ਕਰਨ ਸਮੇਂ ਸਿਪਾਹੀ ਦਾ ਰੂਪ ਧਾਰ ਲੈਂਦੇ ਸਨ।

ਗੁਰੂ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਰੇ ਦੀਵਾਨ ਵਿਚ ਮਿਆਨ ਵਿਚੋਂ ਲਿਸ਼ਕਦੀ ਤਲਵਾਰ ਕੱਢ ਕੇ ਇਕ ਸਿਰ ਦੀ ਮੰਗ ਕੀਤੀ ਜਿਹੜਾ ਉਨ੍ਹਾਂ ਦੀ ਤਲਵਾਰ ਦੀ ਆਪਣੇ ਖੂਨ ਨਾਲ ਪਿਆਸ ਮਿਟਾਵੇ। ਇੰਝ ਉਨ੍ਹਾਂ ਨੇ ਪੰਜ ਜਿੰਦਾ ਸ਼ਹੀਦਾਂ ਦੀ ਚੋਣ ਕੀਤੀ ਜਿਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਨਾਲ ਸਿੰਘ ਸਜਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ। ਗੁਰੂ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਉਸੇ ਪੰਗਤੀ ਵਿਚ ਖੜਾ ਕਰ ਦਿੱਤਾ। ਪੰਜਾਂ ਪਿਆਰਿਆਂ ਤੋਂ ਆਪ ਨੇ ਅੰਮ੍ਰਿਤ ਛਕ ਕੇ ਗੁਰੂ ਚੇਲੇ ਦੇ ਫਰਕ ਨੂੰ ਮੇਟਿਆ। ਅਜੇਹਾ ਚਮਤਕਾਰ ਸੰਸਾਰ ਵਿਚ ਪਹਿਲਾਂ ਕਦੇ ਨਹੀਂ ਸੀ ਹੋਇਆ ਅਤੇ ਨਾ ਹੀ ਕਦੇ ਹੋਵੇਗਾ। ਉਨ੍ਹਾਂ ਤਲਵਾਰ ਨੂੰ ਖਾਲਸੇ ਦਾ ਅੰਗ ਬਣਾਇਆ ਅਤੇ ਇਸ ਦਾ ਨਾਮ ਕ੍ਰਿਪਾਨ ਰੱਖਿਆ ਤਾਂ ਜੋ ਇਸ ਦੀ ਵਰਤੋਂ ਜ਼ੁਲਮ ਕਰਨ ਲਈ ਨਹੀਂ ਸਗੋਂ ਜ਼ੁਲਮ ਵਿਰੁੱਧ ਵਰਤੋਂ ਕੀਤੀ ਜਾਵੇ।

ਖਾਲਸੇ ਦੀ ਸਿਰਜਣਾ ਇਕ ਨਵੇਂ ਇਨਕਲਾਬ ਦਾ ਆਰੰਭ ਸੀ। ਇੰਝ ਦਸ਼ਮੇਸ਼ ਪਿਤਾ ਜੀ ਨੇ ਵਿਸਾਖੀ ਵਾਲੇ ਦਿਨ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਇਨਕਲਾਬ ਸਿਰਜਿਆ।

ਗੁਰੂ ਸਾਹਿਬ ਨੇ ਆਪਣੇ ਆਪ ਨੂੰ ਰਬ ਆਖਣਾ ਤਾਂ ਦੂਰ ਆਪਣੇ ਆਪ ਨੂੰ ਰੱਬ ਦਾ ਪੈਗੰਬਰ ਵੀ ਨਹੀਂ ਆਖਿਆ ਸਗੋਂ ਆਪਣੇ ਆਪ ਨੂੰ ਪ੍ਰਮਾਤਮਾ ਦਾ ਦਾਸ ਆਖਿਆ।

ਮੈਂ ਹੂੰ ਪਰਮ ਪੁਰਖ ਕੋ ਦਾਸਾ।
ਦੇਖਨਿ ਆਯੋ ਜਗਤ ਤਮਾਸਾ।
ਜੋ ਹਮ ਕੋ ਪਰਮੇਸੁਰ ਉਚਰਿ ਹੈ।
ਤੇ ਸਭ ਨਰਕ ਕੁੰਡ ਮਹਿ ਪਰਿ ਹੈ।

ਗੁਰੂ ਸਾਹਿਬ ਸਮੇਂ ਵੀ ਔਰਤ ਨੂੰ ਸਮਾਜ ਵਿਚ ਬਰਾਬਰੀ ਨਹੀਂ ਸੀ। ਕੁੜੀ ਦੇ ਜਨਮ ਲੈਂਦਿਆਂ ਹੀ ਉਸ ਨੂੰ ਮਾਰਨ ਦਾ ਯਤਨ ਕੀਤਾ ਜਾਂਦਾ ਸੀ। ਗੁਰੂ ਜੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ। ਉਨ੍ਹਾਂ ਹੁਕਮ ਜਾਰੀ ਕੀਤਾ ਕਿ ਜਿਹੜਾ ਕੁੜੀ ਦੀ ਹੱਤਿਆ ਕਰਦਾ ਹੈ ਉਹ ਮੇਰਾ ਸਿੰਘ ਨਹੀਂ ਹੋ ਸਕਦਾ। ਇਥੋਂ ਤਕ ਕਿ ਉਨ੍ਹਾਂ ਆਪਣੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਕੁੜੀ ਮਾਰਨ ਵਾਲੇ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਨਾ ਰੱਖਿਆ ਜਾਵੇ। ਪਰਾਈ ਇਸਤਰੀ ਵਲ ਭੈੜੀ ਨਜ਼ਰ ਰੱਖਣ ਵਾਲਾ ਤੇ ਨਸ਼ਿਆਂ ਦਾ ਸੇਵਨ ਕਰਨ ਵਾਲਾ ਗੁਰੂ ਦਾ ਸਿੰਘ ਨਹੀਂ ਹੋ ਸਕਦਾ। ਸੱਚ ਤੇ ਹੱਕ ਦੀ ਕਮਾਈ ਖਾਣ ਵਾਲਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਹੀ ਗੁਰੂ ਜੀ ਦਾ ਸਿੰਘ ਹੋ ਸਕਦਾ ਹੈ। ਗੁਰੂ ਜੀ ਵਲੋਂ ਬਖਸ਼ੀ ਸ਼ਕਤੀ ਹੀ ਸੀ ਜਿਸ ਨੇ ਬੀਬੀਆਂ ਵਿਚ ਦਲੇਰੀ ਭਰੀ। ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਸਾਹਿਬਜ਼ਾਦਿਆਂ ਅਤੇ ਸਿੰਘਾਂ ਦਾ ਸ਼ਾਹੀ ਫ਼ੌਜ ਦੇ ਘੇਰੇ ਨੂੰ ਤੋੜ ਸਸਕਾਰ ਕਰਨ ਵਾਲੀ ਬੀਬੀ ਸ਼ਰਨ ਕੌਰ ਹੀ ਸੀ। ਮੁਕਤਸਰ ਦੇ ਮੈਦਾਨ ਵਿਚ ਲੋਕ ਸ਼ਕਤੀ ਦੀ ਹੋਈ ਜਿੱਤ ਵਿਚ ਮਾਈ ਭਾਗ ਕੌਰ ਦੀ ਅਹਿਮ ਭੂਮਿਕਾ ਸੀ। ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਣਾ ਲਈ ਵਿਸਾਖੀ ਦੀ ਚੋਣ ਸ਼ਾਇਦ ਇਸ ਕਰਕੇ ਕੀਤੀ ਹੋਵੇ ਕਿਉਂਕਿ ਇਸ ਤਿਉਹਾਰ ਨੂੰ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ। ਇਸ ਨੂੰ ਬ੍ਰਾਹਮਣ ਲੋਕ ਆਪਣਾ ਤਿਉਹਾਰ ਮੰਨਦੇ ਸਨ। ਇਹ ਦਿਨ ਖੁਸ਼ਹਾਲੀ ਦਾ ਪ੍ਰਤੀਕ ਹੈ। ਹਾੜੀ ਦੀ ਫਸਲ ਪੱਕ ਕੇ ਤਿਆਰ ਹੋ ਜਾਂਦੀ ਹੈ। ਵਿਉਪਾਰੀ ਲੋਕ ਇਸੇ ਦਿਨ ਤੋਂ ਆਪਣਾ ਨਵਾ ਕਾਰੋਬਾਰੀ ਵਰ੍ਹਾ ਸ਼ੁਰੂ ਕਰਦੇ ਹਨ। ਵਿਸਾਖੀ ਨੂੰ ਗੁਰੂ ਜੀ ਨੇ ਸਰਬ ਸਾਂਝਾ ਤਿਉਹਾਰ ਬਣਾ ਦਿੱਤਾ।

ਗੁਰੂ ਜੀ ਨੇ ਜਿਥੇ ਯੁਗ ਪਲਟਾਇਆ, ਸਮਾਜ ਬਦਲਿਆ, ਸਮਾਜ ਨੂੰ ਲੋਕਰਾਜ ਤੇ ਬਰਾਬਰੀ ਦੀ ਬਖ਼ਸ਼ਿਸ਼ ਕੀਤੀ ਉਥੇ ਗੁਰੂ ਚੇਲੇ ਦੇ ਅੰਤਰ ਨੂੰ ਵੀ ਮੇਟਿਆ। ਗੁਰੂ ਜੀ ਨੇ ਕਈ ਭਾਸ਼ਾਵਾਂ ਵਿਚ ਬਾਣੀ ਦੀ ਰਚਨਾ ਕੀਤੀ। ਉਨ੍ਹਾਂ ਦੀ ਬਾਣੀ ਜਾਪ ਸਾਹਿਬ ਨੂੰ ਪ੍ਰਮਾਤਮਾ ਦੀ ਉਤਸਿਤ ਦਾ ਸਭ ਤੋਂ ਵੱਡਾ ਖਜਾਨਾ ਮੰਨਿਆ ਜਾਂਦਾ ਹੈ। ਅਜੇਹੀ ਸੰਪੂਰਨ ਪਰੀਭਾਸ਼ਾ ਅਜ ਤਕ ਕਿਸੇ ਨਹੀਂ ਦਿੱਤੀ ਤੇ ਸ਼ਾਇਦ ਹੋਰ ਕੋਈ ਦੇ ਵੀ ਨਾ ਸਕੇ। ਫ਼ਾਰਸੀ ਵਿਚ ਔਰੰਗਜੇਬ ਨੂੰ ਲਿਖੇ ਜਫ਼ਰਨਾਮੇ ਨੇ ਉਸ ਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਕਰਵਾਇਆ ਤੇ ਉਸ ਆਪਣੀ ਭੁੱਲ ਬਖ਼ਸਾਉਣ ਲਈ ਗੁਰੂ ਜੀ ਦੇ ਦਰਸ਼ਨਾਂ ਲਈ ਬੇਨਤੀ ਕੀਤੀ। ਚਾਰ ਦਹਾਕਿਆਂ ਦੀ ਉਮਰ ਵਿਚ ਜਿਤਨੇ ਮਹਾਨ ਕਾਰਜ ਗੁਰੂ ਜੀ ਨੇ ਕੀਤੇ ਅਜ ਤਕ ਸੰਸਾਰ ਵਿਚ ਨਾ ਕੋਈ ਕਰ ਸਕਿਆ ਹੈ ਅਤੇ ਨਾ ਹੀ ਕਰ ਸਕੇਗਾ। ਸਾਰੇ ਸੰਸਾਰ ਦੇ ਚਿੰਤਕ ਅਤੇ ਵਿਗਿਆਨੀ ਹੈਰਾਨ ਹਨ ਕਿ ਇਹ ਸਭ ਕਿਵੇਂ ਹੋਇਆ। ਅਜੇਹਾ ਇਨਕਲਾਬ ਤਾਂ ਪ੍ਰਮਾਤਮਾ ਹੀ ਸਿਰਜ ਸਕਦਾ ਹੈ ਪਰ ਧੰਨ ਹਨ ਦਸਮੇਸ਼ ਪਿਤਾ ਜਿਨ੍ਹਾਂ ਹਮੇਸ਼ਾ ਆਪਣੇ ਆਪ ਨੂੰ ਪ੍ਰਮਾਤਮਾ ਦਾ ਦਾਸ ਅਤੇ ਸਿੰਘਾਂ ਨੂੰ ਆਪਣੀ ਸ਼ਕਤੀ ਆਖਿਆ। ਗੁਰੂ ਜੀ ਕੇਵਲ ਆਪਣੇ ਸਿੰਘਾਂ ਤੋਂ ਹੀ ਸੀਸ ਭੇਟਾ ਕਰਨ ਦੀ ਮੰਗ ਨਹੀਂ ਕੀਤੀ ਸਗੋਂ ਆਪਣਾ ਸਾਰਾ ਸਰਬੰਸ ਜ਼ੁਲਮ ਵਿਰੁੱਧ ਲੜਦਿਆਂ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਦਿਆਂ ਕੁਰਬਾਨ ਕਰ ਦਿੱਤਾ। ਗੁਰੂ ਜੀ ਵੱਲੋਂ ਸਮਾਜਿਕ ਬਰਾਬਰੀ ਲਈ ਚਲਾਈ ਮੁਹਿੰਮ ਨੂੰ ਖਤਮ ਕਰਨ ਲਈ ਸਮੇਂ ਦੀ ਹਕੂਮਤ ਨੇ 14 ਵਾਰ ਹਮਲਾ ਕੀਤਾ। ਗੁਰੂ ਦੇ ਸਿੰਘਾਂ ਨੇ ਕਦੇ ਵੀ ਜੰਗ ਦੇ ਮੈਦਾਨ ਵਿਚ ਪਿੱਠ ਨਾ ਵਿਖਾਈ ਤੇ ਸਾਰੀਆਂ ਲੜਾਈਆਂ ਵਿਚ ਖਾਲਸੇ ਦੀ ਫ਼ਤਹਿ ਹੋਈ।

ਗੁਰੂ ਜੀ ਨੇ ਪ੍ਰਮਾਤਮਾ ਤੋਂ ਜੇਕਰ ਕੁਝ ਮੰਗਿਆ ਤਾਂ ਸ਼ੁਭ ਕਰਮ ਕਰਨ ਦੀ ਦਲੇਰੀ ਮੰਗੀ। ਆਪ ਜੀ ਦਾ ਕਥਨ ਹੈ, ਦੇਹਿ ਸ਼ਿਵਾ ਵਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੌਂ।

ਨਾ ਡਰੌਂ ਅਰਿ ਸੋ ਜਬ ਜਾਇ ਲਰੌਂ, ਨਿਸਚੈ ਕਰ ਆਪਨੀ ਜੀਤ ਕਰੌਂ॥

ਗੁਰੂ ਸਾਹਿਬ ਨੇ ਮਨੁੱਖੀ ਬਰਾਬਰੀ ਦੇ ਨਾਲੋਂ ਨਾਲ ਆਪਸੀ ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਵੀ ਦਿੱਤਾ। ਗੁਰੂ ਜੀ ਦਾ ਅੰਮ੍ਰਿਤ ਪ੍ਰਾਪਤ ਕਰਕੇ ਸਾਰੇ ਗੁਰਭਾਈ ਬਣ ਜਾਂਦੇ ਹਨ। ਉਨ੍ਹਾਂ ਦਾ ਉਪਦੇਸ਼ ਹੈ:

ਸਾਚ ਕਹੌ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਸਦੀਵੀਂ ਗੁਰੂ ਥਾਪ ਗਏ। ਇੰਝ ਸ਼ਬਦ ਨੂੰ ਗੁਰੂ ਥਾਪ ਉਨ੍ਹਾਂ ਸੰਸਾਰ ਵਿਚ ਲਾਸਾਨੀ ਤੇ ਅਨੋਖੀ ਪਿਰਤ ਸਥਾਪਿਤ ਕੀਤੀ। ਵਿਸਾਖੀ ਦੇ ਦਿਨ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਹੋਇਆਂ ਸੰਯੁਕਤ ਰਾਸ਼ਟਰ ਨੂੰ ਇਹ ਦਿਨ ਵਿਸ਼ਵ ਮਨੁੱਖੀ ਬਰਾਬਰੀ ਅਤੇ ਲੋਕਰਾਜ ਦਿਵਸ ਦੇ ਰੂਪ ਵਿਚ ਮਨਾਉਣਾ ਚਾਹੀਦਾ ਹੈ।

ਗੁਰੂ ਦੇ ਸਿੱਖਾਂ ਨੂੰ ਇਸ ਦਿਨ ਆਪਣੇ ਅੰਦਰ ਝਾਤ ਮਾਰਨ ਦੀ ਲੋੜ ਹੈ ਕੀ ਅਸੀਂ ਗੁਰੂ ਜੀ ਵੱਲੋਂ ਦਰਸਾਈ ਜੀਵਨ ਜਾਚ ਅਨੁਸਾਰ ਆਪਣੇ ਆਪ ਨੂੰ ਢਾਲਿਆ ਹੈ। ਇਹ ਜਾਣ ਦੁਖ ਹੁੰਦਾ ਹੈ ਕਿ ਪੰਜਾਬ ਵਿਚ ਸਭ ਤੋਂ ਵਧ ਰਿਸ਼ਵਤਖੋਰੀ, ਹੇਰਾਫੇਰੀ ਅਤੇ ਸਮਾਜਿਕ ਨਾਬਰਾਬਰੀ ਹੈ। ਇਸ ਨੂੰ ਦੂਰ ਕਰਨ ਦੀ ਲੋੜ ਹੈ। ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਅਪਨਾਈਏ ਅਤੇ ਆਪਣਾ ਜੀਵਨ ਅਨੰਦਮਈ ਬਣਾਈਏ।

ਵਿਸਾਖੀ 'ਤੇ ਵਿਸ਼ੇਸ਼

ਖੇਤਾਂ ਵਿੱਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ...

ਖੇਤਾਂ ਵਿੱਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਘਰ-ਘਰ ਵਿੱਚ ਖੁਸ਼ਹਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਗਿਰਦੇ ਮਸਜਿਦ ਮੰਦਿਰ ਸਭ ਧਰਮਾਂ ਗੁਰਦੁਆਰੇ ਅੰਦਰ ।
ਝੁੱਗੀਆਂ ਦੇ ਅੰਧਿਆਰੇ ਅੰਦਰ ਕਣ-ਕਣ ਮਹਿਲ ਚੁਬਾਰੇ ਅੰਦਰ ।
ਸੂਰਜ ਵਾਲੀ ਲਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਖੇਤਾਂ ਵਿੱਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਗੁਲਸ਼ਨ ਦੇ ਵਿੱਚ ਖੁਸ਼ਬੂ ਵਾਲਾ ਇਕ ਤਬਸੁਮ ਖਿੜ੍ਹਦਾ ਰਏ ।
ਉਨਤੀ ਵਾਲੀ ਧਰਤੀ ਅੰਦਰ ਖੂਹ ਟਿੰਡਾਂ ਦਾ ਗਿੜ੍ਹਦਾ ਰਏ ।
ਫੁੱਲਾਂ ਲੱਦੀ ਡਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਖੇਤਾਂ ਵਿੱਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਹਰ ਰੁੱਖ ਦੇ ਅਧਿਕਾਰ ਹਮੇਸ਼ਾਂ ਇਕ ਹੀ ਨੀਤੀ ਦੇ ਵਿੱਚ ਹੋਵਣ ।
ਵੱਖ-ਵੱਖ ਫੁੱਲਾਂ ਦੀ ਹਸਤੀ ਨੂੰ ਇਕ ਮਾਲਾ ਵਿੱਚ ਪਿਰੋਵਣ ।
ਸੱਚਾ ਸੁੱਚਾ ਮਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਖੇਤਾਂ ਵਿੱਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਵੱਖ-ਵੱਖ ਦੀਪਕ ਜਗਦੇ ਹੋਵਣ ਐਪਰ ਇੱਕ ਹੀ ਲੋਅ ਹੋਏ ।
ਮਾਨਵਤਾ ਦੀ ਸਰਦਲ ਉਤੇ ਇਕ ਨੂਰ ਵਿੱਚ ਨੂਰ ਸਮੋਏ ।
ਤੂੰ ਮੰਡਲੀ ਦੀ ਥਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਖੇਤਾਂ ਵਿੱਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਸਰਹੱਦਾਂ ਤੇ ਅਲ ਬੇਲੇ ਯੋਧੇ ਪਹਿਰਾ ਦੇਣ ਸਿਪਾਹੀ ।
ਕੁਰਬਾਨੀ ਦੇ ਜਜ਼ਬੇ ਅੰਦਰ ਲੈ ਕੇ ਠਾਠ ਇਲਾਹੀ ।
ਭਾਰਤ ਦੀ ਰਖਵਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ ।
ਖੇਤਾਂ ਵਿੱਚ ਹਰਿਆਲੀ ਹੋਵੇ
ਫੇਰ ਵਿਸਾਖੀ ਹੁੰਦੀ ਏ ।
ਘਰ-ਘਰ ਦੇ ਵਿੱਚ ਦਾਣੇ ਹੋਵਣ
ਉਨਤੀ ਦਾ ਨਿਰਮਾਣ ਬਣੇ ।
ਬਾਲਮ ਸਿਰਜਕ ਗਿਰਿਧਰ ਵਰਗਾ
ਇੱਕ ਸੱਚਾ ਕਿਰਸਾਨ ਬਣੇ ।
ਘੁਣ ਤੋਂ ਸੋਚ ਸੰਭਾਲੀ ਹੋਵੇ
ਫੇਰ ਵਿਸਾਖੀ ਹੁੰਦੀ ਏ ।
ਖੇਤਾਂ ਵਿਚ ਹਰਿਆਲੀ ਹੋਵੇ
ਫੇਰ ਵਿਸਾਖੀ ਹੁੰਦੀ ਏ ।

ਬਲਵਿੰਦਰ 'ਬਾਲਮ',
ਉਂਕਾਰ ਨਗਰ, ਗੁਰਦਾਸਪੁਰ
ਮੋ. 98156-25409

 RNI/42269/83 (PUNPUN00806) Postage Registered No. PB/PTA/0338/2025-2027

ਕਿਸਾਨ ਮੇਲਿਆਂ ਦੌਰਾਨ ਕਿਸਾਨ ਵੀਰਾਂ ਦੇ
ਉਤਸ਼ਾਹ ਨੂੰ ਵੇਖਦਿਆਂ

ਖੇਤੀ ਦੁਨੀਆਂ

ਵੱਲੋਂ

ਪੁਰਾਣੇ ਅਤੇ ਨਵੇਂ ਮੈਂਬਰਾਂ ਲਈ

ਵਿਸ਼ੇਸ਼ ਛੂਟ

ਇੱਕ ਸਾਲ ਲਈ
250/- ਰੁਪਏ

ਦੋ ਸਾਲ ਲਈ **450/-** ਰੁਪਏ

ਤਿੰਨ ਸਾਲ ਲਈ **650/-** ਰੁਪਏ

ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ **100/-*** ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

* ਇਹ ਸਕੀਮ 30 ਅਪ੍ਰੈਲ, 2026 ਤੱਕ ਹੈ।

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ :
ਮੋ. 90410-14575
Website : www.khetiduniyan.in
E-mail : khetiduniyan1983@gmail.com

ਹੇਰੰਬਾ ਇੰਡਸਟਰੀਜ਼ ਵੱਲੋਂ ਦੋ ਨਵੇਂ ਉਤਪਾਦ ਫੈਂਟਾਮਾਈਨ ਅਤੇ ਮਾਈਕੋਹਿਲ ਲਾਂਚ

ਹੇਰੰਬਾ ਇੰਡਸਟਰੀਜ਼ ਨੇ ਹੈਦਰਾਬਾਦ ਦੇ ਸ਼ਮੀਰਪੇਟ ਸਥਿਤ ਬੋਮਰਾਸਪੇਟ ਵਿਖੇ ਲਿਓਨੀਆ ਹੋਲਿਸਟਿਕ ਡੈਸਟੀਨੇਸ਼ਨ ਰਿਜ਼ੋਰਟਜ਼ ਵਿੱਚ ਆਯੋਜਿਤ ਇੱਕ ਸ਼ਾਨਦਾਰ ਸਮਾਗਮ ਵਿੱਚ ਆਪਣੇ ਨਵੀਨਤਾਕਾਰੀ ਫਸਲ ਪੋਸ਼ਣ ਉਤਪਾਦਾਂ ਫੈਂਟਾਮਾਈਨ ਅਤੇ ਮਾਈਕੋਹਿਲ ਨੂੰ ਲਾਂਚ ਕੀਤਾ । ਇਸ ਸਮਾਗਮ ਵਿੱਚ ਕਈ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ, ਜਿਨ੍ਹਾਂ ਵਿੱਚ ਹੇਰੰਬਾ ਇੰਡਸਟਰੀਜ਼ ਲਿਮਟਿਡ ਦੇ ਚੇਅਰਮੈਨ ਐਸ. ਕੇ. ਸ਼ੇਟੀ, ਮੈਨੇਜਿੰਗ ਡਾਇਰੈਕਟਰ ਆਰ. ਕੇ. ਸ਼ੇਟੀ ਅਤੇ ਵਾਈਸ ਪ੍ਰੈਜ਼ੀਡੈਂਟ (ਸੇਲਜ਼ ਅਤੇ ਮਾਰਕੀਟਿੰਗ) ਸਤੀਸ਼ ਤਿਵਾੜੀ ਸ਼ਾਮਲ ਸਨ ।

ਗਰਮੀਆਂ ਵਿੱਚ ਘਰੇਲੂ ਪੱਧਰ 'ਤੇ ਲਗਾਉਣ ਵਾਲੇ ਫੁੱਲ

ਸਰਦੀਆਂ ਵਿੱਚ ਲਗਾਏ ਹੋਏ ਫੁੱਲ ਮਾਰਚ ਦੇ ਅਖੀਰ ਤੱਕ ਖਤਮ ਹੋ ਜਾਂਦੇ ਹਨ । ਫਿਰ ਗਮਲੇ ਅਤੇ ਕਿਆਰੀਆਂ ਖਾਲੀ ਹੋ ਜਾਂਦੀਆਂ ਹਨ । ਗਰਮੀਆਂ ਵਿੱਚ ਲਗਾਉਣ ਵਾਲੇ ਫੁੱਲਾਂ ਦੀਆਂ ਕਿਸਮਾਂ ਬਹੁਤ ਘੱਟ ਹਨ, ਪਰ ਫਿਰ ਵੀ ਆਪਣੇ ਆਲੇ-ਦੁਆਲੇ ਨੂੰ ਸੁੰਦਰ ਅਤੇ ਮਨਮੋਹਕ ਬਣਾਇਆ ਜਾ ਸਕਦਾ ਹੈ । ਦੇਸੀ ਫੁੱਲਾਂ ਦੀਆਂ ਕਿਸਮਾਂ ਦੀ ਬਜਾਏ ਹੁਣ ਨਰਸਰੀਆਂ ਵਿੱਚ ਹਾਈਬ੍ਰਿਡ ਕਿਸਮਾਂ ਦੇ ਫੁੱਲਾਂ ਦੀਆਂ ਪਨੀਰੀਆਂ ਆਸਾਨੀ ਨਾਲ ਮਿਲ ਜਾਂਦੀਆਂ ਹਨ । ਹੇਠ ਲਿਖੇ ਅਨੁਸਾਰ ਗਰਮੀਆਂ ਦੇ ਫੁੱਲਾਂ ਦੀਆਂ ਕਿਸਮਾਂ ਹਨ :-

1. **ਜੀਨੀਆ** : ਇਸਦੇ ਫੁੱਲਾਂ ਦਾ ਰੰਗ ਚਿੱਟਾ, ਪੀਲਾ, ਕਰਿਮਸਨ, ਲਾਲ, ਔਰੰਜ, ਮੌਵ ਅਤੇ ਜਾਮਣੀ ਮਿਲ ਸਕਦਾ ਹੈ । ਇਹ ਬੈਡ, ਬਾਰਡਰ ਅਤੇ ਗਮਲੇ ਵਿੱਚ ਲਾਏ ਜਾ ਸਕਦੇ ਹਨ । ਇਸ ਦੇ ਫੁੱਲ ਕੱਟ ਫਲਾਵਰ ਲਈ ਵੀ ਵਰਤੇ ਜਾ ਸਕਦੇ ਹਨ ।

2. **ਦੁਪਹਿਰ ਖਿੜੀ** : ਇਸ ਨੂੰ ਅੰਗਰੇਜ਼ੀ ਵਿੱਚ ਪਾਰਚੂਲਾਕਾ ਕਹਿੰਦੇ ਹਨ । ਇਸ ਵਿੱਚ ਕਈ ਰੰਗ ਜਿਵੇਂ ਸੰਤਰੀ, ਜਾਮਣੀ, ਲਾਲ, ਗੁਲਾਬੀ, ਪੀਲਾ ਅਤੇ ਚਿੱਟਾ ਮਿਲ ਜਾਂਦੇ ਹਨ । ਇਹ ਜ਼ਿਆਦਾ ਧੁੱਪ ਵਾਲੀ ਜਗ੍ਹਾਂ, ਕਿਨਾਰਿਆਂ ਅਤੇ ਹੈਗਿੰਗ ਬਾਸਕਿਟ, ਘੱਟ ਡੂੰਘੇ ਗਮਲੇ ਅਤੇ ਗਰਾਊਂਡ ਕਵਰ ਤੌਰ 'ਤੇ ਲਾਏ ਜਾ ਸਕਦੇ ਹਨ ।

3. **ਕੋਚੀਆ** : ਇਸ ਨੂੰ ਫੁੱਲ ਨਹੀਂ ਲੱਗਦੇ, ਪਰ ਇਸ ਦਾ ਬੂਟਾ ਗਲੋਬ ਦੀ ਤਰ੍ਹਾਂ ਹੁੰਦਾ ਹੈ ਅਤੇ ਪੱਤੇ ਹਰੇ ਰੰਗ ਦੇ ਸੁੰਦਰ ਦਿਖਾਈ ਦਿੰਦੇ ਹਨ । ਇਸ ਦੇ ਬੂਟੇ ਬਾਰਡਰ ਉੱਤੇ, ਗਮਲਿਆਂ ਵਿੱਚ ਅਤੇ ਪਰਦਾ ਕਰਨ ਵਿੱਚ ਵੀ ਵਰਤੇ ਜਾਂਦੇ ਹਨ ।

ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ ਪਟਿਆਲਾ
ਮੋ: 75080-18903

4. **ਸੂਰਜਮੁਖੀ** : ਇਸ ਦੀ ਹਾਈਬ੍ਰਿਡ ਮੱਧਰੀ ਕਿਸਮ ਦੀ ਪਨੀਰੀ ਵੀ ਮਿਲ ਜਾਂਦੀ ਹੈ । ਇਸਦੇ ਫੁੱਲਾਂ ਦਾ ਰੰਗ ਪੀਲਾ, ਸੰਤਰੀ ਅਤੇ ਤਾਂਬੇ ਵਰਗਾ ਹੁੰਦਾ ਹੈ । ਇਸਦੀ ਪਨੀਰੀ ਬਾਰਡਰ ਬਣਾਉਣ ਲਈ, ਬੈਡਾਂ ਉੱਤੇ ਅਤੇ ਪਰਦਾ ਕਰਨ ਲਈ ਲਗਾਈ ਜਾ ਸਕਦੀ ਹੈ । ਇਸ ਦੇ ਫੁੱਲ ਕੱਟ ਫਲਾਵਰ ਦੇ ਤੌਰ 'ਤੇ ਵੀ ਵਰਤੇ ਜਾ ਸਕਦੇ ਹਨ ।

5. **ਗਮਫਰੀਨਾ** : ਇਸ ਦੇ ਫੁੱਲਾਂ ਦਾ ਰੰਗ ਜਾਮਣੀ, ਸੰਤਰੀ, ਗੁਲਾਬੀ, ਚਿੱਟਾ, ਗੂੜ੍ਹਾ ਲਾਲ ਹੁੰਦਾ ਹੈ । ਇਸ ਦੇ ਬੂਟੇ ਬੈਡਾਂ, ਬਾਰਡਰ ਅਤੇ ਗਮਲੇ ਵਿੱਚ ਲਗਾਏ ਜਾ ਸਕਦੇ ਹਨ ।

6. **ਗਲਾਰਡੀਆ** : ਇਸ ਦੇ ਫੁੱਲਾਂ ਦਾ ਰੰਗ ਪੀਲਾ, ਸੰਤਰੀ, ਭੂਰਾ, ਕਰਿਮਸਨ ਹੋ ਸਕਦਾ ਹੈ । ਇਹ ਸਿਰਫ ਬੈਡਾਂ 'ਤੇ ਹੀ ਲਗਾਏ ਜਾ ਸਕਦੇ ਹਨ ਅਤੇ ਫੁੱਲਾਂ ਨੂੰ ਕੱਟ ਫਲਾਵਰ ਦੇ ਤੌਰ 'ਤੇ ਵੀ ਵਰਤਿਆ ਜਾ ਸਕਦਾ ਹੈ ।

7. **ਕਾਸਮਾਸ** : ਇਸ ਦੇ ਫੁੱਲਾਂ ਦਾ ਰੰਗ ਪੀਲਾ, ਸੰਤਰੀ, ਆਫ ਵਾਈਟ ਅਤੇ ਗੂੜ੍ਹਾ ਲਾਲ ਹੁੰਦਾ ਹੈ । ਇਸ ਦੇ ਬੂਟੇ ਵੀ ਬੈਡਾਂ ਅਤੇ ਬਾਰਡਰਾਂ ਉੱਤੇ ਲਗਾਏ ਜਾ ਸਕਦੇ ਹਨ ।

8. **ਕੋਰੀਆਬਸਸ** : ਇਸ ਦੇ ਫੁੱਲਾਂ ਦਾ ਰੰਗ ਪੀਲਾ ਅਤੇ ਸੈਂਟਰ ਵਿੱਚ ਮੈਰੂਨ ਹੁੰਦਾ ਹੈ । ਇਹ ਬੈਡਾਂ ਉਤੇ, ਪਰਦੇ ਲਈ ਅਤੇ ਬਾਰਡਰ ਉੱਤੇ ਲਗਾਏ ਜਾ ਸਕਦੇ ਹਨ ।

ਉਕਤ ਤੋਂ ਬਿਨਾਂ ਅਪ੍ਰੈਲ-ਮਈ ਮਹੀਨਿਆਂ ਵਿੱਚ ਅਮਰੈਂਥਸ, ਸੀਲੋਸੀਆ, ਕੋਕਸਕੋਂਬ, ਬਾਲਸਮ, ਸਦਾਬਹਾਰ ਫੁੱਲਾਂ ਦੀਆਂ ਪਨੀਰੀਆਂ ਲਗਾਈਆਂ ਜਾ ਸਕਦੀਆਂ ਹਨ । ਇਹ ਜੁਲਾਈ ਤੋਂ ਸਤੰਬਰ-ਅਕਤੂਬਰ ਮਹੀਨੇ ਤੱਕ ਫੁੱਲਾਂ ਦੀ ਬਹਾਰ ਲਾਉਂਦੇ ਹਨ ।

ਪਨੀਰੀ ਲਾਉਣ ਤੋਂ ਪਹਿਲਾਂ ਇਸ ਦੀ ਤਿਆਰੀ : ਪਨੀਰੀ ਲਗਾਉਣ ਤੋਂ 10-15 ਦਿਨ ਪਹਿਲਾਂ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਹੈ, ਜਿਸ ਵਿੱਚ ਕਿਆਰੀ ਨੂੰ 6-10 ਇੰਚ ਡੂੰਘਾ ਪੁੱਟ ਕੇ ਘੱਟੋ-ਘੱਟ 1 ਹਫਤਾ ਧੁੱਪ ਲਗਾਉਣੀ ਚਾਹੀਦੀ ਹੈ । ਫਿਰ 5 ਕਿਲੋ ਚੰਗੀ ਗਲੀ-ਸੜੀ ਰੂੜੀ ਦੀ ਖਾਦ, 30 ਗ੍ਰਾਮ ਕਿਸਾਨ ਖਾਦ ਜਾਂ 20 ਗ੍ਰਾਮ ਯੂਰੀਆ ਖਾਦ, 45 ਗ੍ਰਾਮ ਸੁਪਰ ਫ਼ਾਸਫੇਟ ਅਤੇ 30 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਵਰਗ ਮੀਟਰ ਪਾਓ । ਚੰਗੀ ਤਰ੍ਹਾਂ ਮਿਕਸ ਕਰ ਦਿਉ । ਫਿਰ ਹਲਕੀ ਸਿੰਚਾਈ ਕਰ ਦਿਉ । ਧੁੱਪ ਆਉਣ 'ਤੇ ਦੁਪਿਹਰ ਤੋਂ ਬਾਅਦ ਪਨੀਰੀ ਲਗਾ ਕੇ ਪਾਣੀ ਦੇ ਦਿਉ । 15-20 ਦਿਨਾਂ ਬਾਦ 20 ਗ੍ਰਾਮ ਯੂਰੀਆ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਫਿਰ ਪਾਓ ।

ਗਮਲੇ ਵਿੱਚ ਫੁੱਲ ਲਗਾਉਣ ਲਈ ਮਿਸ਼ਰਣ ਹੇਠ ਲਿਖੇ ਅਨੁਸਾਰ ਤਿਆਰ ਕਰਕੇ ਪਾਓ ।

(1) ਮਿੱਟੀ 2 ਹਿੱਸੇ, (2) ਰੂੜੀ ਦੀ ਖਾਦ 1 ਹਿੱਸਾ, (3) ਪੱਤਿਆਂ ਦੀ ਖਾਦ 1 ਹਿੱਸਾ

ਇਸ ਵਿੱਚ ਵੀ 30 ਗ੍ਰਾਮ ਕਿਸਾਨ ਖਾਦ ਜਾਂ 20 ਗ੍ਰਾਮ ਯੂਰੀਆ, 45 ਗ੍ਰਾਮ ਸੁਪਰ ਫ਼ਾਸਫੇਟ ਅਤੇ 20 ਗ੍ਰਾਮ ਮਿਊਰੇਟ ਆਫ਼ ਪੋਟਾਸ਼ ਖਾਦ ਪ੍ਰਤੀ ਘਣ ਮੀਟਰ ਦੇ ਹਿਸਾਬ ਨਾਲ ਪਾਓ । ਫਿਰ ਗਮਲੇ ਵਿੱਚ ਹੋਈ ਛੇਦ ਵਿੱਚ ਠੀਕਰੀ ਦਾ ਪੀਸ ਰੱਖ ਕੇ ਇਹ ਮਿਸ਼ਰਣ ਪਾ ਦਿਓ । ਮਿਸ਼ਰਣ ਪਾਉਣ ਉਪਰੰਤ ਹਲਕਾ ਪਾਣੀ ਲਾ ਦਿਓ । ਇੱਕ ਗਮਲੇ ਵਿੱਚ 3-3 ਪਨੀਰੀ ਦੇ ਪੌਦੇ ਲਗਾਏ ਜਾ ਸਕਦੇ ਹਨ ।

ਕੀੜੇ-ਮਕੌੜੇ ਤੋਂ ਬਚਾਅ ਲਈ ਮੈਲਾਥੀਆਨ ਜਾਂ ਰੋਗੋਰ ਦਵਾਈ 2 ਮਿਲੀਲੀਟਰ ਪ੍ਰਤੀ ਲੀਟਰ ਪਾਣੀ ਵਿੱਚ ਪਾ ਕੇ ਸਪਰੇਅ ਕਰੋ । ਉੱਲੀ ਰੋਗਾਂ ਤੋਂ ਬਚਾਅ ਲਈ ਡਾਈਥੇਨ ਐਮ-45 ਦੀ 2 ਗ੍ਰਾਮ ਮਾਤਰਾ ਨੂੰ ਪ੍ਰਤੀ ਲੀਟਰ ਪਾਣੀ ਵਿੱਚ ਪਾ ਕੇ ਸਪਰੇਅ ਕਰੋ । ਇਹ ਪਨੀਰੀ ਪਟਿਆਲਾ ਜ਼ਿਲ੍ਹੇ ਵਿੱਚ ਬਾਈਓਕਰਬ ਸੀਡਜ਼ ਕੰਪਨੀ, ਪਿੰਡ ਧਬਲਾਨ; ਬਾਰਾਂਦਰੀ ਬਾਗ, ਪਟਿਆਲਾ; ਪੀ. ਏ. ਯੂ., ਲੁਧਿਆਣਾ ਅਤੇ ਹੋਰ ਪ੍ਰਾਈਵੇਟ ਨਰਸਰੀਆਂ ਤੋਂ ਵੀ ਖਰੀਦੀ ਜਾ ਸਕਦੀ ਹੈ । ਹੋਰ ਵਧੇਰੇ ਜਾਣਕਾਰੀ ਲਈ ਬਾਗਬਾਨੀ ਵਿਭਾਗ, ਪੰਜਾਬ ਜਾਂ ਪੀ. ਏ. ਯੂ., ਲੁਧਿਆਣਾ ਦੇ ਬਾਗਬਾਨੀ ਮਾਹਰਾਂ ਨਾਲ ਸੰਪਰਕ ਕਰ ਸਕਦੇ ਹੋ ।